Postal No. - G/CHD/0196/2021-2023
Regd No. 32212/78

# ਲੁਬਾਣਾ ਸੇਵਕ

ਨਵੰਬਰ 2022 ਮਾਸਿਕ ਮੁੱਲ : 25/-

## ਅਦਾਰਾ 'ਲੁਬਾਣਾ ਸੇਵਕ' ਵੱਲੋਂ ਸਮੂਹ ਸੰਗਤ ਨੂੰ ਗੁਰੂ ਨਾਨਕ ਸਾਹਿਬ ਜੀ ਦੇ ਪ੍ਰਕਾਸ਼ ਦਿਵਸ ਦੀਆਂ ਲੱਖ-ਲੱਖ ਮੁਬਾਰਕਾਂ !




## ਵਡਾ ਪੁਰਖੁ ਪਰਗਟਿਆ

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.), ਸੈਕਟਰ 30-ਏ, ਚੰਡੀਗੜ੍ਹ

ਸੰਪਾਦਕੀ ...

# ਸਤਿਗੁਰ ਨਾਨਕ ਪਰਗਟਿਆ



ਦੁਨੀਆਂ ਵਿਚ ਜਦੋਂ ਪਾਪ, ਜ਼ੁਲਮ ਅਤੇ ਅਧਰਮ ਵੱਧ ਜਾਂਦਾ ਹੈ ਤਾਂ ਅਕਾਲ ਪੁਰਖ ਰੱਬੀ ਦੂਤ ਨੂੰ ਆਪਣੇ ਨੂਰ ਨਾਲ ਰੋਸ਼ਨ ਕਰਕੇ ਇਸ ਧਰਤੀ ਤੇ ਭੇਜਦਾ ਹੈ ਤਾਂ ਜੋ ਕੁਰਾਹੇ ਪਈ ਦੁਨੀਆਂ ਦਾ ਉਧਾਰ ਹੋ ਸਕੇ। ਇਸੇ ਲਈ ਅਕਾਲ ਪੁਰਖ ਨੇ ਸ੍ਰੀ ਗੁਰੂ ਨਾਨਕ ਸਾਹਿਬ ਨੂੰ ਇਸ ਧਰਤੀ 'ਤੇ ਭੇਜਿਆ। ਗੁਰੂ ਜੀ ਦੇ ਆਗਮਨ ਨਾਲ ਚਾਰੇ ਪਾਸੇ ਰੋਸ਼ਨ ਹੋ ਗਏ ਅਤੇ ਮਿਹਰ ਦੀ ਠੰਡ ਵਰਤ ਪਈ।

ਗੁਰੂ ਨਾਨਕ ਸਾਹਿਬ ਨੇ ਭੁੱਲੀ ਭਟਕੀ ਲੋਕਾਈ ਅਤੇ ਉਨ੍ਹਾਂ ਵਿਚ ਪਸਰੀ ਅਗਿਆਨਤਾ, ਵਹਿਮਾਂ-ਭਰਮਾਂ, ਜਾਤਾਂ-ਪਾਤਾਂ, ਕਰਮ-ਕਾਂਡਾਂ ਨੂੰ ਦੂਰ ਕੀਤਾ ਅਤੇ ਇਕ ਅਕਾਲ ਪੁਰਖ ਨਾਲ ਜੋੜ ਕੇ ਸਿੱਧੇ ਰਾਹ ਪਾਇਆ।

ਜਗਤੁ ਗੁਰੂ ਬਾਬਾ ਨਾਨਕ ਦਾ ਪ੍ਰਕਾਸ਼ 15 ਅਪ੍ਰੈਲ 1469 ਈ: ਨੂੰ ਰਾਇ ਭੋਇ ਦੀ ਤਲਵੰਡੀ ਪਿਤਾ ਮਹਿਤਾ ਕਾਲੂ ਜੀ ਅਤੇ ਮਾਤਾ ਤ੍ਰਿਪਤਾ ਜੀ ਦੇ ਘਰ ਹੋਇਆ। ਗੁਰੂ ਨਾਨਕ ਸਾਹਿਬ ਜੀ ਦੇ ਪਿਤਾ ਮਹਿਤਾ ਕਾਲੂ ਜੀ ਇੱਕ ਭੱਟੀ ਜਗੀਰਦਾਰ ਰਾਇ ਬੁਲਾਰ ਦੇ ਪਟਵਾਰੀ ਸਨ। ਪਿਤਾ ਮਹਿਤਾ ਕਾਲੂ ਜੀ ਨੇ ਆਪ ਨੂੰ ਸੱਤ ਸਾਲ ਦੀ ਉਮਰ ਵਿਚ ਬ੍ਰਾਹਮਣ ਅਧਿਆਪਕ ਪਾਸ ਪੜ੍ਹਨ ਭੇਜਿਆ। ਆਪ ਨੇ ਉਨ੍ਹਾਂ ਤੋਂ ਦੇਵਨਾਗਰੀ ਲਿੱਪੀ ਪੜ੍ਹਨੀ ਤੇ ਲਿਖਣੀ ਸਿੱਖਣ ਤੋਂ ਇਲਾਵਾ ਗਣਿਤ ਬਾਰੇ ਵੀ ਗਿਆਨ ਪ੍ਰਾਪਤ ਕੀਤਾ। ਫਾਰਸੀ ਤੇ ਇਸਲਾਮੀ ਸਹਿਤ ਦੇ ਅਧਿਐਨ ਲਈ ਸਥਾਨਕ ਮੌਲਵੀ ਪਾਸ ਭੇਜਿਆ ਗਿਆ। ਜਦੋਂ ਆਪ ਦੀ ਉਮਰ ਨੌਂ ਸਾਲ ਦੀ ਹੋਈ ਤਾਂ ਆਪ ਨੂੰ ਜਨੇਊ ਪਹਿਨਾਉਣ ਦੀ ਰਸਮ ਨੂੰ ਪੂਰੀ ਕਰਨ ਲਈ ਕਿਹਾ ਗਿਆ ਤਾਂ ਆਪ ਨੇ ਇਹ ਕਹਿ ਕੇ ਜਨੇਊ ਪਹਿਨਣ ਤੋਂ ਇਨਕਾਰ ਕਰ ਦਿੱਤਾ ਕਿ ਉਹ ਅਜਿਹਾ ਜਨੇਊ ਪਹਿਨਣਗੇ ਜੋ "**ਨਾ ਏਹੁ ਤੁਟੈ ਨ ਮਲੁ ਲਗੈ ਨਾ ਏਹੁ ਜਲੈ ਨ ਜਾਇ।।**"

ਗੁਰੂ ਨਾਨਕ ਸਾਹਿਬ ਜੀ ਦਾ ਵਿਆਹ ਬਟਾਲੇ ਸ਼ਹਿਰ ਦੇ ਰਹਿਣ ਵਾਲੇ ਸ਼੍ਰੀ ਮੂਲ ਚੰਦ ਦੀ ਪੁੱਤਰੀ ਸੁਲੱਖਣੀ ਨਾਲ ਹੋਇਆ। ਕੁਝ ਸ਼ਰਾਰਤੀ ਅਨਸਰਾਂ ਵੱਲੋਂ ਗੁਰੂ ਜੀ ਉੱਪਰ ਕੱਚੀ ਕੰਧ ਡੇਗਣ ਦੀ ਕੋਸ਼ਿਸ਼ ਕੀਤੀ ਸੀ, ਪਰ ਗੁਰੂ ਸਾਹਿਬ ਜੀ ਨੇ ਉਹਨਾਂ ਦੇ ਇਸ ਕਾਰਜ ਨੂੰ ਸਫਲ ਨਾ ਹੋਣ ਦਿੱਤਾ ਅਤੇ ਮੁਖੋਂ ਫੁਰਮਾਇਆ ਕਿ ਇਹ ਕੰਧ ਜੁਗੋ ਜੁਗ ਅਟੱਲ ਰਹੇਗੀ ਅਤੇ ਇਹ ਕੰਧ ਅਜੇ ਵੀ ਬਟਾਲੇ ਵਿਚ ਕਾਇਮ ਹੈ। ਹੁਣ ਇਸ ਅਸਥਾਨ 'ਤੇ ਗੁਰਦੁਆਰਾ ਸ੍ਰੀ ਕੰਧ ਸਾਹਿਬ ਹੈ। ਆਪ ਜੀ ਦੇ ਘਰ ਦੋ ਸਪੁੱਤਰ ਬਾਬਾ ਸ਼੍ਰੀ ਚੰਦ ਤੇ ਲੱਖਮੀ ਦਾਸ ਜੀ ਪੈਦਾ ਹੋਏ।

ਕੁਝ ਸਮਾਂ ਗੁਰੂ ਸਾਹਿਬ ਆਪਣੀ ਭੈਣ ਨਾਨਕੀ ਦੇ ਗ੍ਰਹਿ ਸੁਲਤਾਨਪੁਰ ਵਿਖੇ ਰਹੇ ਜਿਥੇ ਆਪ ਨੇ ਨਵਾਬ ਦੌਲਤ ਖਾਂ ਲੋਧੀ ਦੇ ਮੋਦੀਖਾਨੇ ਵਿਚ ਨੌਕਰੀ ਕੀਤੀ ਅਤੇ ਤੇਰਾ ਤੇਰਾ ਤੋਲਿਆ। ਕੁਝ ਸ਼ਰਾਰਤੀ ਅਨਸਰਾਂ ਵੱਲੋਂ ਨਵਾਬ ਨੂੰ ਸ਼ਿਕਾਇਤ ਕੀਤੀ ਕਿ ਨਾਨਕ ਗਰੀਬਾਂ ਨੂੰ ਤੇਰਾ ਤੇਰਾ ਕਰਕੇ ਤੋਲੀ ਜਾਂਦਾ ਹੈ ਜਿਸ ਨਾਲ ਮੋਦੀਖਾਨੇ ਦਾ ਨੁਕਸਾਨ ਹੋ ਰਿਹਾ ਹੈ। ਪਰ ਜਦ ਨਵਾਬ ਵੱਲੋਂ ਹਿਸਾਬ ਕੀਤਾ ਗਿਆ ਤੇ ਵੱਧ ਹੀ ਨਿਕਲਿਆ। ਇਥੇ ਹੀ ਆਪ ਵੇਈਂ ਵਿਚ ਇਸ਼ਨਾਨ ਕਰਨ ਉਪਰੰਤ ਕੁਝ ਸਮਾਂ ਇਕਾਂਤਵਾਸ ਰਹੇ ਅਤੇ ਜਦੋਂ ਬਾਹਰ ਆਏ ਤਾਂ ਆਪ ਨੇ "ਨਾ ਕੋਇ ਹਿੰਦੂ ਨਾ ਮੁਸਲਮਾਨ" ਦਾ ਨਾਅਰਾ ਦਿੱਤਾ। ਗੁਰੂ ਸਾਹਿਬ ਨੇ ਭੁਲੀ ਭਟਕੀ ਦੁਨੀਆਂ ਨੂੰ ਸਿੱਧੇ ਰਸਤੇ ਪਾਉਣ ਲਈ ਉਦਾਸੀਆਂ ਕੀਤੀਆਂ। ਉਦਾਸੀਆਂ ਸਮੇਂ ਭਾਈ ਮਰਦਾਨਾ ਜੀ ਆਪ ਜੀ ਦੇ ਨਾਲ ਸਨ। ਉਦਾਸੀਆਂ ਸਮੇਂ ਆਪ ਐਮਨਾਬਾਦ ਵਿਖੇ ਭਾਈ ਲਾਲੋ ਜੀ ਦੇ ਗ੍ਰਹਿ ਪਹੁੰਚੇ ਅਤੇ ਉਸ ਦਾ ਉਧਾਰ ਕੀਤਾ। ਹਰਿਦੁਆਰ ਵਿਖੇ ਗੰਗਾ ਇਸ਼ਨਾਨ ਸਮੇਂ ਸੂਰਜ ਰਾਹੀਂ ਆਪਣੇ ਪਿੱਤਰਾਂ ਨੂੰ ਪਾਣੀ ਪਹੁੰਚਾਉਣ ਜਿਹੇ ਵਿਚਾਰਾਂ ਦਾ ਖੰਡਨ ਕੀਤਾ। ਗੋਰਖਨਾਥ ਵਿਖੇ ਜੋਗੀਆਂ ਨੂੰ ਸੱਚ ਦਾ ਉਪਦੇਸ਼ ਦਿੱਤਾ ਅਤੇ ਇਸ ਅਸਥਾਨ ਦਾ ਨਾਮ ਗੋਰਖ ਮਤੇ ਤੋਂ ਬਦਲ ਕੇ ਨਾਨਕ ਮੱਤਾ ਪੈ ਗਿਆ। ਅਯੁਧਿਆ ਦੇ ਬੈਰਾਗੀ ਜੋ ਕਿ ਮੂਰਤੀ ਪੂਜਾ ਕਰਦੇ ਸਨ ਨੂੰ ਇਨ੍ਹਾਂ ਕੁਰੀਤੀਆਂ ਨੂੰ ਛੱਡ ਕੇ ਅਕਾਲ ਪੁਰਖ ਨਾਲ ਜੁੜਨ ਦਾ ਉਪਦੇਸ਼ ਦਿੱਤਾ। ਚੋਟੀ ਦੇ ਵਿਦਵਾਨ, ਫ਼ਕੀਰ, ਪੰਡਤ, ਮੌਲਾਣੇ ਬਾਬਾ ਨਾਨਕ ਦੇ ਮੁਰੀਦ ਬਣੇ।

ਭਾਈ ਮਰਦਾਨਾ ਜੀ ਜੋ ਕਿ ਤਲਵੰਡੀ ਦੇ ਰਹਿਣ ਵਾਲੇ ਸਨ ਅਤੇ ਮੁਸਲਮਾਨ ਮਰਾਸੀ ਸਨ, ਗੁਰੂ ਨਾਨਕ ਦੇ ਬਹੁਤ ਅਜੀਜ ਅਤੇ ਚੰਗੇ ਰਬਾਬੀ ਸਨ। ਭਾਈ ਮਰਦਾਨਾ ਜੀ ਗੁਰੂ ਨਾਨਕ ਸਾਹਿਬ ਜੀ ਨਾਲ 6 ਦਹਾਕਿਆਂ ਤੱਕ ਰਹੇ।

ਗੁਰੂ ਨਾਨਕ ਸਾਹਿਬ ਨੇ ਆਪ ਹੱਥੀਂ ਖੇਤੀ ਕੀਤੀ ਅਤੇ ਲੋਕਾਈ ਨੂੰ ਉਪਦੇਸ਼ ਦਿੱਤਾ ਕਿ ਨਾਮ ਜਪੋ, ਕਿਰਤ ਕਰੋ ਅਤੇ ਵੰਡ ਕੇ ਛਕੋ।

**ਹਰਭਜਨ ਸਿੰਘ**
**ਪ੍ਰਧਾਨ**
**ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ**

# ਲੁਬਾਣਾ ਸੇਵਕ

Chief Editor
Er. Harbhajan Singh
Dy. C.E. (Retd.) President
M.: 98140-62091

Addl. Chief Editor
Er. Parminderjit Singh
M.: 99153-57524

Editor
Er. Bhagwan Singh Lubana
Dy C.E. (Retd.)
E-mail:bslubana187@gmail.com
M.: 98155-40240

Co-Editor
S. Surinder Singh Ruby ETO (Retd.)
M.: 98141-28181

## Advisors

1. S. Naginderjit Singh (Legal Advisor)
   Session Judge (Retd.),
   M.: 98159-02643
2. S. Narinder Singh, PES (Retd.)
   M.: 98555-34236
3. S. Mohinder Singh, DSP (Retd.)
   M.: 98144-74535
4. Dr. Preet Mohinder Pal Singh
   M.: 98148-98289

**ਰਚਨਾਵਾਂ ਤੇ ਸਲਾਨਾ ਚੰਦਾ ਭੇਜਣ ਦਾ ਪਤਾ**

ਮੁੱਖ ਸੰਪਾਦਕ, ਲੁਬਾਣਾ ਸੇਵਕ
ਸੈਕਟਰ 30-ਏ, ਚੰਡੀਗੜ੍ਹ, ਫ਼ੋਨ - 0172-2657340
e-mail:lobanafoundation@gmail.com
Websitelink : bmslchd.org, lobanafoundation.org
FOR ONLINE DEPOSITS OF FUNDS BANK ACCOUNT DETAIL IS AS UNDER:-
Bank Name :- State Bank of India
A/c No.-10304629441, IFSC Code:- SBIN0001443
Note - On depositing kindly intimate your name and address to the Foundation.
Contact no.-0172-2657340 &
President - 98140-62091

| | | |
|---|---|---|
| ਦੇਸ | : | 250 ਰੁਪਏ |
| ਪਰਦੇਸ | : | 20 ਡਾਲਰ |
| ਜੀਵਨ ਮੈਂਬਰ ਦੇਸ | : | 2500 ਰੁ. |
| ਜੀਵਨ ਮੈਂਬਰ ਪਰਦੇਸ | : | 7500 ਰੁ. |

ਚੰਦਾ ਚੈਕ ਜਾਂ ਡਰਾਫਟ ਰਾਹੀਂ ਲੁਬਾਣਾ ਸੇਵਕ ਦੇ ਨਾਮ 'ਤੇ ਡਾਕ ਰਾਹੀਂ ਵੀ ਭੇਜਿਆ ਜਾ ਸਕਦਾ ਹੈ।


**ਨਵੰਬਰ ਮਹੀਨੇ ਦੀ ਮੱਸਿਆ, ਸੰਗਰਾਂਦ ਅਤੇ ਪੂਰਨਮਾਸ਼ੀ (ਮਿਤੀ ਅਤੇ ਦਿਨ)**

ਪੂਰਨਮਾਸ਼ੀ - (੩੦ ਕੱਤਕ) 08-11-2022 (ਮੰਗਲਵਾਰ)
ਸੰਗਰਾਂਦ - (੧ ਮੱਘਰ) 16-11-2022 (ਬੁੱਧਵਾਰ)
ਮੱਸਿਆ - (੭ ਮੱਘਰ) 23-11-2022 (ਬੁੱਧਵਾਰ)


ਬਾਨੀ ਸੰਪਾਦਕ
ਸਵ. ਮੇਜਰ ਸ਼ਰਮ ਸਿੰਘ ਜ਼ਹੂਰਾ


## ਤਤਕਰਾ


ਜਿਲਦ ਨੰ. 41 | ਅੰਕ - 113 | ਨਵੰਬਰ - 2022



1. ਨਾਨਕ ਵਲੀ ਖ਼ੁਦਾਇ 4
2. ਗੁਰੂ ਤੇਗ ਬਹਾਦੁਰ ਅਤੇ ਮਨੁੱਖੀ ਅਜ਼ਾਦੀ 7
3. ਗੁਰ ਸਾਗਰ ਦੇ ਸੁੱਚੇ ਮੋਤੀ 10
4. ਭਾਈ ਮੱਖਣ ਸ਼ਾਹ ਦੀਆਂ ਗੁਰੂ ਘਰ ਲਈ ਹੋਰ ਸੇਵਾਵਾਂ 11
5. ਪ੍ਰੇਮ ਸਾਗਰ 12
6. ਮੇਰਾ ਬਚਪਨ ਤੇ ਪ੍ਰਾਇਮਰੀ ਸਕੂਲ 14
7. ਕੱਤਕ ਮਹੀਨੇ ਦੀਆਂ ਗਤੀਵਿਧੀਆਂ ਦੀ ਰਿਪੋਰਟ 16
8. ਗੁਰਦੁਆਰਾ ਜਨਮ ਅਸਥਾਨ (ਨਨਕਾਣਾ ਸਾਹਿਬ) 19
9. ਜੀਵਨ ਵਿਕਾਸ – ਇਕ ਸੰਘਰਸ਼ 20
10. ਲੋਕ ਤੱਥ 21
11. ਆਓ ਜਾਣੀਏ! 22
12. ਕੁੱਝ ਗੱਲਾਂ 24
13. ਹੋਰ ਪੱਛੜੀਆਂ ਸ਼੍ਰੇਣੀਆਂ (ਓ.ਬੀ.ਸੀ.) ਸਰਟੀਫਿਕੇਟ ਬਨਾਉਣ ਲਈ ਆਮ ਜਾਣਕਾਰੀ 27
14. 'ਲੁਬਾਣਾ ਸੇਵਕ' ਮੈਗਜ਼ੀਨ ਦੇ ਸੁਹਿਰਦ ਪਾਠਕਾਂ ਨੂੰ ਅਪੀਲ 28
15. ਕਹਾਣੀ/ਪਿਤਾ 29
16. ਸਿਹਤ ਸੰਭਾਲ 31
17. ਜੇਠੂ ਦਾ ਕੋਠਾ 32
18. ਕਾਵਿ–ਕਿਆਰੀ 34
19. ਸ਼ਬਦਾਂ ਦੇ ਸੰਜੋਗ 35
20. वातावरण में बढ़ता शोर 36
21. World Kindness Day 37
22. Matrimonial 38
23. ਦਾਨੀ ਸੱਜਣਾਂ ਦੀ ਸੂਚੀ 39



'ਲੁਬਾਣਾ ਸੇਵਕ' ਵਿਚ ਛਪਣ ਵਾਲੀਆਂ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹੁੰਦੇ ਹਨ, ਸੋ ਜ਼ਰੂਰੀ ਨਹੀਂ ਕਿ ਇਨ੍ਹਾਂ ਨਾਲ ਫਾਊਂਡੇਸ਼ਨ ਜਾਂ ਲੁਬਾਣਾ ਸੇਵਕ ਅਦਾਰਾ ਪੂਰੀ ਤਰ੍ਹਾਂ ਸਹਿਮਤ ਹੋਵੇ।




**Printed & Published by Harbhajan Singh for Baba Makhan Shah Lobana Foundation (Regd.) Sector 30-A, Chandigarh.**

**Computer Designing - WP&S, M.: 98153-78692**

*8 ਨਵੰਬਰ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ 'ਤੇ ਵਿਸ਼ੇਸ਼*

# ਨਾਨਕ ਵਲੀ ਖ਼ੁਦਾਇ



ਗੁਰੂ ਨਾਨਕ ਦੇਵ ਜੀ ਨੂੰ ਵੱਖ-ਵੱਖ ਦੇਸ਼ਾਂ ਦੇ ਵੱਖ-ਵੱਖ ਧਰਮਾਂ ਵੱਲੋਂ ਵਡਿਆਈ ਦੇਣ ਲਈ ਉਨ੍ਹਾਂ ਨੂੰ 'ਨਾਨਕ ਵਲੀ ਖ਼ੁਦਾਇ', 'ਪੈਗ਼ੰਬਰ', 'ਰਹਿਬਰ', 'ਮੁਰਸ਼ਦ', 'ਬੋਧੀ ਸੰਤ', 'ਨਾਨਕ ਲਾਮਾ', 'ਵਲੀ-ਏ-ਹਿੰਦ', 'ਨਾਨਕਚਾਰੀਆ' ਅਤੇ ਹੋਰ ਕਈ ਸਤਿਕਾਰਤ ਨਾਵਾਂ ਨਾਲ ਯਾਦ ਕੀਤਾ ਜਾਂਦਾ ਹੈ।

ਗੁਰੂ ਨਾਨਕ ਦੇਵ ਜੀ ਬਾਰੇ ਕਿਹਾ ਜਾਂਦਾ ਹੈ ਕਿ ਉਹ ਤਾਂ ਪੈਦਾ ਹੀ ਇਨਕਲਾਬੀ ਪੈਗ਼ੰਬਰ ਹੋਏ ਸਨ, ਜਿਨ੍ਹਾਂ ਦਾ ਸਲੋਗਨ ਸੀ, 'ਨਾ ਕੋਈ ਹਿੰਦੂ ਨਾ ਮੁਸਲਮਾਨ' ਉਹ ਤਾਂ ਜਗਤ ਗੁਰੂ ਸਨ – 'ਸਭਨਾਂ ਦਾ ਸਾਂਝਾ ਨਾਨਕ ਸਭਨਾਂ ਦਾ ਯੋਰ ਵੋ' ਅਤੇ 'ਬਾਬਾ ਨਾਨਕ ਸ਼ਾਹ ਫ਼ਕੀਰ, ਹਿੰਦੂ ਕਾ ਗੁਰੂ ਮੁਸਲਮਾਨ ਦਾ ਪੀਰ' ਈਰਾਕ ਦੇ ਮੁਸਲਮਾਨ ਉਨ੍ਹਾਂ ਦਾ ਕਿੰਨਾ ਸਤਿਕਾਰ ਕਰਦੇ ਸਨ, ਇਸ ਦਾ ਪ੍ਰਮਾਣ ਹੈ ਬਗ਼ਦਾਦ ਦੇ ਇਕ ਧਾਰਮਿਕ ਸਥਾਨ ਅੰਦਰ ਉੱਕਰੇ ਹੋਏ ਇਹ ਸ਼ਬਦ – 'ਹਜ਼ਰਤ ਰਬੀ-ਈ-ਮਾਜੀਦ ਬਾਬਾ ਨਾਨਕ ਔਲੀਆ, ਅੱਲਾਹ'। 'ਇਨਕਲਾਬੀ ਉਹ ਹੁੰਦਾ ਹੈ ਜੋ ਦੱਬੇ ਕੁਚਲੇ ਲੋਕਾਂ ਪ੍ਰਤੀ ਆਪਣਾ ਆਪਾ ਸਮਰਪਿਤ ਕਰੇ, ਦੁਖੀ ਮਾਨਵਤਾ ਦੇ ਦੁੱਖ ਦੂਰ ਕਰੇ, ਧਰਵਾਸ ਦੇਵੇ, ਮਾਰਗ ਦਰਸ਼ਨ ਕਰੇ।' ਉਨ੍ਹਾਂ ਨੇ ਪੰਜਾਬ ਦੀ ਹੀ ਨਹੀਂ, ਸਮੁੱਚੀ ਲੋਕਾਈ ਦਾ ਨੈਤਿਕ ਤੇ ਅਧਿਆਤਮਕ ਜੀਵਨ ਸੁਧਾਰਨ ਤੇ ਸਰਬਸਾਂਝੀ ਕੌਮੀਅਤ ਪ੍ਰਤੀ ਜਾਗ੍ਰਿਤੀ ਪੈਦਾ ਕਰਨ ਦਾ ਬੀੜਾ ਚੁੱਕਿਆ। ਉਹ ਸਮੁੱਚੇ ਹਿੰਦੁਸਤਾਨ ਦੇ ਨਾਇਕ ਸਨ, ਜਿਨ੍ਹਾਂ ਵਿਚ ਹੌਸਲਾ, ਪਵਿੱਤਰ ਭਾਵਨਾ, ਹਮਦਰਦੀ ਭਰਿਆ ਵਤੀਰਾ, ਪਵਿੱਤਰ ਮਕਸਦ ਲਈ ਨਰੋਈ ਦਿਆਲੂ ਰੂਹ, ਚੇਤਨੰਤਾ, ਪਿਆਰ, ਇਕਸੁਰਤਾ, ਆਸ਼ਾਵਾਦੀ ਨਜ਼ਰੀਆ, ਭਾਵ ਉਹ ਗੁਣਾਂ ਦਾ ਖ਼ਜ਼ਾਨਾ ਸਨ। ਇਹੀ ਨਾਨਕਾਇਣ ਫਲਸਫ਼ਾ ਸੀ, ਜੋ ਸਰਬਵਿਆਪੀ ਮਾਨਵਤਾ ਲਈ ਸੀ।

ਜਦ ਤੋਂ ਮਨੁੱਖੀ ਭਾਈਚਾਰਾ ਹੋਂਦ ਵਿਚ ਆਇਆ ਹੈ, ਲੋਕਾਈ ਨੂੰ ਦੋ ਭਾਗਾਂ 'ਚ ਵੰਡਿਆ ਗਿਆ ਹੈ – 'ਕੰਮ ਕਰਨ ਵਾਲੇ ਤੇ ਉਨ੍ਹਾਂ ਦੀ ਕਮਾਈ 'ਤੇ ਪਲਣ ਵਾਲੇ।' ਬਹੁਗਿਣਤੀ ਕਿਰਤ ਕਰਨ ਵਾਲਿਆਂ ਦੀ ਹੀ ਹੈ ਪਰ ਉਨ੍ਹਾਂ ਦਾ ਜੀਵਨ ਹਮੇਸ਼ਾ ਥੁੜ੍ਹਾਂ ਭਰਿਆ ਤੇ ਤ੍ਰਿਸਕਾਰ ਵਾਲਾ ਰਿਹਾ ਹੈ। ਕੰਮ ਕਰਨ ਵਾਲੇ ਨੂੰ 'ਕੰਮੀ' ਤੇ ਉਸ ਤੋਂ ਵੀ ਅੱਗੇ 'ਕੰਮੀਣ' ਬਣਾ ਦਿੱਤਾ ਗਿਆ। ਇਸ ਦਾ ਅਰਥ ਹੈ ਕਿ ਕਿਰਤ ਕਰਨ ਵਾਲਿਆਂ ਨੂੰ ਸਮਾਜ ਵਿਚ ਮਾੜੇ ਨਜ਼ਰੀਏ ਨਾਲ ਵੇਖਿਆ ਜਾਂਦਾ ਸੀ। ਹੌਲੀ-ਹੌਲੀ ਇਹ ਵਰਗ-ਵੰਡ ਪੱਕੀ ਹੁੰਦੀ ਗਈ। ਇਹ ਵਰਗ-ਵੰਗ ਪੱਕੀ ਹੁੰਦੀ ਗਈ। ਇਸ ਵਰਗ ਨੂੰ ਦਾਸ ਤੇ ਦਾਸੀਆਂ ਵੀ ਆਖਿਆ ਗਿਆ। ਗੁਰੂ ਨਾਨਕ ਸਾਹਿਬ ਪਹਿਲੇ ਯੁੱਗ ਪੁਰਸ਼ ਹਨ, ਜਿਨ੍ਹਾਂ ਨੇ ਇਸ ਵਰਗ-ਵੰਡ ਦਾ ਵਿਰੋਧ ਕੀਤਾ। ਉਨ੍ਹਾਂ ਸਮਝਾਇਆ ਕਿ ਜਨਮ ਤੋਂ ਸਾਰੇ ਬਰਾਬਰ ਹਨ। ਕੋਈ ਵੀ ਬੁਰਾ ਨਹੀਂ ਹੁੰਦਾ, ਬੁਰੇ ਬੰਦੇ ਦੇ ਕਰਮ ਹੁੰਦੇ ਹਨ। ਉਨ੍ਹਾਂ ਨੇ ਕਿਰਤੀਆਂ ਨੂੰ ਗਲੇ ਲਗਾਇਆ ਤੇ ਆਪਣੇ ਬਰਾਬਰ ਖੜ੍ਹਾ ਕੀਤਾ। ਉਨ੍ਹਾਂ ਕਿਰਤ ਦਾ ਸਤਿਕਾਰ ਕੀਤਾ ਤੇ ਉਸ ਨੂੰ ਸਭ ਤੋਂ ਸ੍ਰੇਸ਼ਟ ਆਖਿਆ। ਉਨ੍ਹਾਂ ਉਪਦੇਸ਼ ਦਿੱਤਾ ਕਿ 'ਕਿਰਤ ਕਰੋ', ਭਾਵ ਸੁੱਚੀ ਕਮਾਈ ਕਰੋ, ਇਸ ਨੂੰ 'ਵੰਡ ਛਕੋ' ਤੇ ਹਮੇਸ਼ਾ ਪਰਮਾਤਮਾ ਨੂੰ ਯਾਦ ਰੱਖੋ। ਇੰਜ ਗੁਰੂ ਸਾਹਿਬ ਨੇ ਸੰਸਾਰ ਨੂੰ ਇਕ ਨਵੇਂ ਸੱਭਿਆਚਾਰ ਦੀ ਬਖ਼ਸ਼ਿਸ਼ ਕੀਤੀ। ਜਦੋਂ ਮਨੁੱਖ ਵੰਡ ਕੇ ਛਕਦਾ ਹੈ ਤਾਂ ਉਹ ਸੁੱਚੀ ਕਿਰਤ ਕਰੇਗਾ, ਉਸ ਅੰਦਰ ਹਲੀਮੀ ਹੋਵੇਗੀ ਤੇ ਉਹ ਮਿੱਠ ਬੋਲੜਾ ਬਣੇਗਾ। ਪਰਮਾਤਮਾ ਦਾ ਨਾਮ ਜਪਦਿਆਂ ਹੀ ਹਉਮੈ ਤੋਂ ਦੂਰ ਰਿਹਾ ਜਾ ਸਕਦਾ ਹੈ, ਸਵੈ ਕਾਬੂ 'ਚ ਰਹਿੰਦਾ ਹੈ ਤੇ ਸਾਰੀ ਕਾਇਨਾਤ ਆਪਣੀ ਨਜ਼ਰ ਆਉਂਦੀ ਹੈ।


**ਸੰਪਾਦਕ**
**ਭਗਵਾਨ ਸਿੰਘ ਲੁਬਾਣਾ**
**98155-40240**




ਗੁਰੂ ਨਾਨਕ ਸਾਹਿਬ ਦੇ ਸਮੇਂ ਖੇਤੀ ਨੂੰ ਘਟੀਆ ਧੰਦਾ ਮੰਨਿਆ ਜਾਂਦਾ ਸੀ। ਖੇਤੀ ਕਰਨ ਵਾਲੇ ਜਗੀਰਦਾਰਾਂ ਦੇ ਗ਼ੁਲਾਮ ਸਮਝੇ ਜਾਂਦੇ ਸਨ। ਗੁਰੂ

ਸਾਹਿਬ ਨੇ ਕੇਵਲ ਆਪ ਖੇਤੀ ਕੀਤੀ, ਸਗੋਂ ਖੇਤੀ ਨੂੰ ਸਭ ਤੋਂ ਉੱਤਮ ਧੰਦਾ ਆਖਿਆ। ਅਜਿਹਾ ਕਰ ਕੇ ਉਨ੍ਹਾਂ ਨੇ ਖੇਤੀ ਇਨਕਲਾਬ ਦੀ ਨੀਂਹ ਰੱਖੀ ਤਾਂ ਜੋ ਸੰਸਾਰ ਵਿਚੋਂ ਭੁੱਖਮਰੀ ਨੂੰ ਦੂਰ ਕੀਤਾ ਜਾ ਸਕੇ। ਆਖਿਆ ਜਾਂਦਾ ਹੈ ਕਿ ਜਦੋਂ ਗੁਰੂ ਸਾਹਿਬ ਲੱਦਾਖ ਗਏ ਤਾਂ ਉਥੇ ਭੁੱਖਮਰੀ ਪਈ ਹੋਈ ਸੀ। ਗੁਰੂ ਜੀ ਨੇ ਉਥੋਂ ਦੇ ਲੋਕਾਂ ਨੂੰ ਚੌਲਾ ਦੀ ਖੇਤੀ ਕਰਨ ਦੀ ਨਾ ਕੇਵਲ ਜਾਂਚ ਸਿਖਾਈ ਸਗੋਂ ਖੇਤੀ ਕਰਨ ਲਈ ਉਤਸ਼ਾਹਿਤ ਭੀ ਕੀਤਾ। ਖੇਤੀ ਅਜਿਹਾ ਧੰਦਾ ਹੈ, ਜਿਸ ਦਾ ਕਰਤਾ ਆਪਣੇ ਆਪ ਗੁਰੂ ਨਾਨਕ ਸਾਹਿਬ ਵੱਲੋਂ ਬਖ਼ਸ਼ੇ 'ਨਾਮ ਜਪਣ, ਕਿਰਤ ਕਰਨੀ ਤੇ ਵੰਡ ਛਕਣ' ਵਾਲੇ ਅਸੂਲਾਂ ਦਾ ਧਾਰਨੀ ਹੋ ਜਾਂਦਾ ਹੈ। ਕਿਸਾਨ ਹੱਡ ਤੋੜਵੀਂ ਤੇ ਸੁੱਚੀ ਕਿਰਤ ਕਰਦਾ ਹੈ। ਉਸ ਦੀ ਕਿਰਤ ਵਿਚ ਕਿਤੇ ਵੀ ਕੂੜ ਨਹੀਂ ਹੈ। ਕਿਸਾਨ ਆਪਣਾ ਹੀ ਨਹੀਂ ਸਗੋਂ ਸਾਰੀ ਲੋਕਾਈ ਦਾ ਢਿੱਡ ਭਰਦਾ ਹੈ। ਉਸ ਦੇ ਦਰੋਂ ਕਦੇ ਕੋਈ ਖਾਲੀ ਨਹੀਂ ਗਿਆ। ਇਹ ਕਿਸਾਨ ਹੀ ਹੈ ਜਿਹੜਾ ਆਪਣੇ ਖੇਤਾਂ 'ਚ ਕੰਮ ਕਰਦਾ ਹੈ ਤੇ ਨਾਲ ਹੀ ਪ੍ਰਭੂ ਦਾ ਨਾਮ ਵੀ ਜਪਦਾ ਹੈ।

ਗੁਰੂ ਜੀ ਨੇ ਲੋਕਾਈ ਨੂੰ ਖੇਤੀ ਕਰਨ ਵਲ ਪ੍ਰੇਰਿਆ ਤਾਂ ਜੋ ਸੰਸਾਰ 'ਚੋਂ ਭੁੱਖ-ਦੁੱਖ ਦੂਰ ਹੋ ਸਕੇ। ਕਿਰਤ ਕਰਨ ਤੇ ਵੰਡ ਛਕਣ ਦੀ ਸਿੱਖੀ ਵਿਚ ਵਿਸ਼ੇਸ਼ ਮਹੱਤਤਾ ਹੈ। ਗੁਰੂ ਸਾਹਿਬ ਦੇ ਸਾਰੇ ਉਪਦੇਸ਼ ਦਾ ਆਧਾਰ ਹੀ ਇਹੋ ਹੈ:

**ਘਾਲਿ ਖਾਇ ਕਿਛੁ ਹਥਹੁ ਦੇਇ ॥**

**ਨਾਨਕ ਰਾਹੁ ਪਛਾਣਹਿ ਸੇਇ ॥**

ਗੁਰੂ ਸਾਹਿਬ ਨੇ ਕਿਰਤੀ ਨੂੰ ਸਤਿਕਾਰ ਦੇ ਕੇ ਉਸ ਨੂੰ ਮਹਾਨਤਾ ਬਖ਼ਸ਼ੀ, ਸਿੱਖਾਂ ਨੂੰ ਬਰਾਬਰ ਦਾ ਸਬਕ ਸਿਖਾਇਆ ਤੇ ਜਦੋਂ ਬਰਾਬਰੀ ਦੀ ਭਾਵਨਾ ਜਾਗ ਪਵੇ ਤਾਂ ਤੁਹਾਨੂੰ ਕਿਸੇ ਦੇ ਤਰਸ ਦਾ ਪਾਤਰ ਨਹੀਂ ਬਣਨ ਦਿੰਦੀ। ਇਹ ਭਾਵਨਾ ਸਾਨੂੰ ਮਾਨਸਿਕ ਤੌਰ 'ਤੇ ਜ਼ਿੰਮੇਵਾਰ ਤੇ ਉੱਦਮੀ ਬਣਾਉਂਦੀ ਹੈ। ਸਿੱਖ ਧਰਮ ਨੇ ਲੋਕਾਂ ਅੰਦਰ ਬਹਾਦਰੀ, ਉੱਦਮ ਤੇ ਸ਼ਕਤੀ ਭਰੀ। ਲੋਕਾਂ ਦੇ ਚਿੰਤਨ ਨੂੰ ਹਾਂ-ਮੁਖੀ ਤੇ ਜੀਵਨ ਪੱਖੀ ਬਣਾਉਣ ਵਿਚ ਸਿੱਖੀ ਦਾ ਵੱਡਾ ਯੋਗਦਾਨ ਹੈ।

ਇਹ ਗੁਰੂ ਨਾਨਕ ਸਾਹਿਬ ਜੀ ਦੀ ਬਖ਼ਸ਼ਿਸ਼ ਹੈ ਕਿ ਪੰਜਾਬੀ ਕਿਸਾਨਾਂ ਨੇ ਜਿੱਥੇ ਜਾ ਕੇ ਵੀ ਹਲ ਜੋੜਿਆ, ਧਰਤੀ ਨੂੰ ਗੁਲਜ਼ਾਰ ਬਣਾ ਦਿੱਤਾ। ਇਸ ਸਦੀ ਦੇ ਸ਼ੁਰੂ ਵਿਚ ਪੰਜਾਬੀ ਕਿਸਾਨਾਂ ਨੇ ਹੀ ਪੱਛਮੀ ਪੰਜਾਬ ਦੀਆਂ ਬਾਰਾਂ ਨੂੰ ਅਬਾਦ ਕੀਤਾ ਤੇ ਆਪਣੀ ਮਿਹਨਤ ਨਾਲ ਲਾਇਲਪੁਰ ਨੂੰ ਏਸ਼ੀਆ ਦੀ ਸਭ ਤੋਂ ਵੱਡੀ ਅਨਾਜ ਮੰਡੀ ਬਣਾਇਆ। ਆਜ਼ਾਦੀ ਤੋਂ ਬਾਅਦ ਉਹ ਸਭ ਕੁਝ ਲੁਟਾ ਕੇ ਪੱਛਮੀ ਪੰਜਾਬ 'ਚੋਂ ਆਏ ਸਨ। ਸਿਰ ਲੁਕਾਉਣ ਦੀ ਥਾਂ ਮਿਲਦਿਆਂ ਹੀ ਉਨ੍ਹਾਂ ਨੇ ਰੱਜ ਕੇ ਮਿਹਨਤ ਕੀਤੀ ਤੇ ਭੁੱਖਮਰੀ ਦੇ ਮਾਰੇ ਦੇਸ਼ ਨੂੰ ਅਨਾਜ ਦੀ ਪੈਦਾਵਾਰ 'ਚ ਮੋਹਰੀ ਬਣਾਇਆ। ਕਿਸਾਨਾਂ ਨੇ ਸੱਪਾਂ ਦੀਆਂ ਸਿਰੀਆਂ ਮਿੱਧ ਕੇ ਉੱਤਰ ਪ੍ਰਦੇਸ਼ ਦੇ ਤਰਾਈ ਇਲਾਕੇ ਨੂੰ ਸਭ ਤੋਂ ਉਪਜਾਊ ਬਣਾਇਆ। ਰਾਜਸਥਾਨ ਦੇ ਰੇਗਿਸਤਾਨ ਨੂੰ ਗੁਲਜ਼ਾਰ ਬਣਾਉਣ ਵਾਲੇ ਵੀ ਪੰਜਾਬੀ ਕਿਸਾਨ ਹੀ ਹਨ। ਦੇਸ਼ ਵਿਚ ਹੀ ਨਹੀਂ ਸਗੋਂ ਵਿਦੇਸ਼ਾਂ ਵਿਚ ਵੀ ਜਿੱਥੇ ਪੰਜਾਬ ਗਏ ਉਥੋਂ ਦੇ ਵਧੀਆ ਕਿਸਾਨ ਬਣ ਗਏ ਤੇ ਇੰਜ ਗੁਰੂ ਸਾਹਿਬ ਨੇ ਕਿਰਤ ਆਧਾਰਿਤ ਸੱਭਿਆਚਾਰ ਦੀ ਸੰਸਾਰ ਨੂੰ ਬਖਸ਼ਿਸ਼ ਕੀਤੀ।

ਉਨ੍ਹਾਂ ਦੇ ਵਿਚਾਰਾਂ 'ਚੋਂ ਇਨਕਲਾਬੀ ਭਾਵਨਾ ਤਾਂ ਉਦੋਂ ਹੀ ਪ੍ਰਗਟ ਹੋਣੀ ਆਰੰਭ ਹੋ ਗਈ ਸੀ, ਜਦੋਂ ਉਨ੍ਹਾਂ ਨੇ ਔਰਤਾਂ ਦੇ ਹੱਕ 'ਚ ਆਵਾਜ਼ ਉਠਾ ਕੇ ਸਮਾਜ ਵਿਚ ਸਨਮਾਨ ਵਾਲਾ ਦਰਜਾ ਦਿਵਾਉਣ ਦਾ ਉਪਰਾਲਾ ਕੀਤਾ। ਗੁਰੂ ਸਾਹਿਬ ਨੇ ਖੁੱਲ੍ਹ ਕੇ ਔਰਤ ਦੀ ਸਮਾਨਤਾ ਦੀ ਆਵਾਜ਼ ਬੁਲੰਦ ਕੀਤੀ ਤੇ ਆਖਿਆ:

**ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥**

ਉਨ੍ਹਾਂ ਨੇ ਆਸਾ ਦੀ ਵਾਰ ਵਿਚ ਇਸਤਰੀ ਪੁਰਸ਼ ਦੀ ਬਰਾਬਰੀ ਦੀ ਗੱਲ ਕੀਤੀ, ਜਿਨ੍ਹਾਂ ਨਾਲ ਸਮਾਜ ਦੀ ਹੋਂਦ ਹੈ, ਔਰਤ ਜਗ ਜਣਨੀ ਹੈ, ਉਹ ਸਤਿਕਾਰਯੋਗ ਹੈ, ਜਦੋਂ ਲਿਖਦੇ ਹਨ:

**ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ ॥**

**ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ ॥**

ਉਨ੍ਹਾਂ ਤੋਂ ਬਾਅਦ ਗੁਰੂ ਸਾਹਿਬਾਨ ਨੇ ਸਤੀ ਪ੍ਰਥਾ ਤੇ ਪਰਦੇ ਦੀ ਰਸਮ ਦੇ ਵਿਰੋਧ ਤੇ ਵਿਧਵਾ ਵਿਆਹ ਦੇ ਹੱਕ 'ਚ ਆਵਾਜ਼ ਬੁਲੰਦ ਕੀਤੀ, ਜਿਸ ਨਾਲ ਸਮਾਜ ਵਿਚ ਔਰਤ ਨੂੰ ਰੁਤਬਾ ਤੇ ਮਾਣ-ਸਨਮਾਨ ਵਧਿਆ। ਮਾਣ ਵਾਲੀ ਗੱਲ ਹੈ ਜਦੋਂ ਅਸੀਂ ਆਖਦੇ ਹਾਂ, "ਇਹ ਬਾਬੇ ਨਾਨਕ ਦਾ ਵਿਹੜਾ ਹੈ, ਜਿੱਥੇ ਨਾਰੀ ਅੰਦਰ ਆਤਮ ਵਿਸ਼ਵਾਸ ਭਰਨ ਲਈ ਬੇਬੇ ਨਾਨਕੀ ਜੀ ਵਰਗੀ ਭੈਣ, ਬੀਬੀ ਖੀਵੀ ਜੀ ਵਰਗੀ ਲੰਗਰ ਦੀ ਜਾਂਚ ਸਿਖਾਉਣ ਵਾਲੀ ਮਾਤਾ, ਨਾਮ ਬਾਣੀ ਦਾ ਅਭਿਆਸ ਕਰਨ ਵਾਲੀ ਬੀਬੀ ਅਮਰੋ ਜੀ, ਧੀਰਜ ਦੀ ਮੂਰਤ ਮਾਤਾ ਗੰਗਾ ਜੀ, ਸੇਵਾ ਕਮਾਉਣ ਵਾਲੀ ਬੀਬੀ ਭਾਨੀ ਜੀ, ਕੁਰਬਾਨੀਆਂ ਦਾ ਇਤਿਹਾਸ ਸਿਰਜਣ ਵਾਲੇ ਮਾਤਾ ਗੁਜਰੀ ਜੀ ਹਨ।"

ਗੁਰੂ ਨਾਨਕ ਦੇਵ ਦੀ ਨੇ ਸਮਾਜ ਸੁਧਾਰ ਲਈ ਫ਼ਾਲਤੂ ਰਸਮਾਂ-ਰਿਵਾਜ਼ਾਂ ਦਾ ਵਿਰੋਧ ਕੀਤਾ, ਜਿਵੇਂ ਜਨੇਊ ਪਾਉਣਾ, ਸੂਤਕ-ਪਾਤਕ ਤੇ ਸ਼ਰਾਧ ਕਰਨੇ ਆਦਿ। ਉਨ੍ਹਾਂ ਨੇ ਜਨੇਊ ਦਾ ਅਸਲੀ ਅਰਥ ਸਮਝਾਉਂਦੇ ਹੋਏ ਲਿਖਿਆ:

**ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ ॥**


**ਇਹੁ ਜਨੇਊ ਜੀਅ ਕਾ ਹਈ ਤ ਪਾਂਡੇ ਘਤੁ ॥**

ਇਸੇ ਤਰ੍ਹਾਂ ਸ਼ਰਾਧ ਕਰਨ ਤੇ ਸੁੱਚ-ਭਿੱਟ ਦੇ ਵਹਿਮਾਂ ਬਾਰੇ ਵੀ ਉਨ੍ਹਾਂ ਨੇ ਲੋਕਾਈ ਦਾ ਮਾਰਗ ਦਰਸ਼ਨ ਕੀਤਾ ਕਿ ਜੇ ਠੱਗੀਆਂ, ਚੋਰੀਆਂ ਕਰ ਕੇ ਪਿੱਤਰਾਂ ਦੇ ਸ਼ਰਾਧ ਕਰਨੇ ਹਨ ਤਾਂ ਕੀ ਲਾਭ?

ਗੁਰੂ ਨਾਨਕ ਦੇਵ ਜੀ ਨੇ ਉਨ੍ਹਾਂ ਲੋਕਾਂ 'ਤੇ ਵੀ ਵਿਅੰਗ ਕੀਤਾ, ਜੋ ਦੂਸਰਿਆਂ ਦੀ ਲੁੱਟ-ਖਸੁੱਟ ਕਰ ਕੇ ਐਸ਼ ਕਰਦੇ ਹਨ। ਉਨ੍ਹਾਂ ਦੀਆਂ ਨਜ਼ਰਾਂ ਵਿਚ ਕਿਰਤ ਦੀ ਕੋਈ ਮਹੱਤਤਾ ਨਹੀਂ। ਗੁਰੂ ਸਾਹਿਬ ਦਾ ਸਮਾਜਵਾਦ ਅਜਿਹਾ ਸੀ, ਜਿਸ ਵਿਚ ਸਾਰਿਆਂ ਨੂੰ ਬਰਾਬਰੀ ਦਾ ਅਧਿਕਾਰ ਹੋਵੇ ਤੇ ਹੱਥੀਂ ਕਿਰਤ ਕਰ ਕੇ ਵੰਡ ਛਕਣ। ਉਨ੍ਹਾਂ ਨੇ ਆਪ ਬਚਪਨ ਵਿਚ ਮੱਝਾਂ ਚਾਰੀਆਂ, ਮੋਦੀਖ਼ਾਨੇ ਦੀ ਨੌਕਰੀ ਕੀਤੀ ਤੇ ਆਖ਼ਰੀ ਉਮਰੇ ਕਰਤਾਰਪੁਰ ਵਿਖੇ ਖੇਤੀਬਾੜੀ ਕੀਤੀ। ਉਹ ਗ਼ਰੀਬਾਂ ਦੇ ਹਮਦਰਦ ਸਨ, ਇਹੀ ਕਾਰਨ ਸੀ ਕਿ ਉਨ੍ਹਾਂ ਨੇ ਮਲਕ ਭਾਗੋ ਦਾ ਭੋਜਨ ਛੱਡ ਕੇ ਭਾਈ ਲਾਲੋ ਦੀ ਕਿਰਤ ਕਮਾਈ ਦੀ ਰੋਟੀ ਖਾਧੀ। ਉਨ੍ਹਾਂ ਦੱਸਿਆ ਕਿ ਦਸਾਂ ਨਹੁੰਆਂ ਦੀ ਕਿਰਤ ਮਨੁੱਖ ਨੂੰ ਸਬਰ ਸੰਤੋਖ ਵਾਲਾ ਬਣਾ ਦਿੰਦੀ ਹੈ।

ਭਾਈ ਮਰਦਾਨਾ ਜੀ ਗੁਰੂ ਸਾਹਿਬ ਦੀਆਂ ਚਾਰ ਉਦਾਸੀਆਂ ਸਮੇਂ ਉਨ੍ਹਾਂ ਦੇ ਨਾਲ ਰਹੇ। ਉਨ੍ਹਾਂ ਨੇ ਕਿਰਤੀ ਮਿਸਤਰੀ ਭਾਈ ਲਾਲੋ ਤੇ ਝੰਡਾ, ਹਸੋ ਲੁਹਾਰ ਤੇ ਸ਼ਿਹਾਨ ਦਰਜੀ ਨੂੰ ਮਾਨਤਾ ਦਿੱਤੀ। ਗੁਰੂ ਸਾਹਿਬ ਨੇ ਕੰਜੂਸ ਕਾਰੂੰ ਦੀ ਮਿਸਾਲ ਦੇ ਕੇ ਲੋਕਾਂ ਨੂੰ ਸਮਝਾਇਆ ਕਿ ਉਹ ਕਬਰਾਂ ਵਿੱਚੋਂ ਮੁਰਦਿਆਂ

ਦੇ ਮੂੰਹ 'ਚੋਂ ਵੀ ਸਿੱਕੇ ਕਢਵਾ ਲੈਂਦਾ ਸੀ ਜਦਕਿ ਮਾਇਆ ਨਾਲ ਨਹੀਂ ਜਾਣੀ। ਸਿਕੰਦਰ ਤੇ ਰਾਵਣ ਜਿਹੇ ਖ਼ਾਲੀ ਹੱਥ ਚਲੇ ਗਏ। ਉਨ੍ਹਾਂ ਨੇ ਨਸੀਹਤ ਦਿੱਤੀ ਕਿ **'ਅੰਜਨ ਮਾਹਿ ਨਿਰੰਜਨਿ ਰਹੀਐ'** ਮਾਇਆ ਤਾਂ ਆਉਣੀ-ਜਾਣੀ ਹੈ, ਜਿਸ ਨੇ **'ਵਿਣੁ ਦੰਤਾ ਜਗੁ ਖਾਇਆ'**।



ਗੁਰੂ ਨਾਨਕ ਦੇਵ ਜੀ ਨੇ ਪੰਜਾਬ ਦੀ ਧਰਤੀ ਨੂੰ ਭਾਗ ਲਾਏ ਤੇ ਆਪਣੇ ਸਮੇਂ ਦੌਰਾਨ ਲੋਧੀ ਰਾਜ, ਮੁਗ਼ਲਾਂ ਤੇ ਸ਼ੇਰ ਸ਼ਾਹ ਸੂਰੀ ਦੀ ਆਮਦ ਵੇਖੀ ਤੇ ਇਸ ਸਮੇਂ ਦੌਰਾਨ ਜੋ ਜ਼ੁਲਮ ਕਮਜ਼ੋਰ ਜਨਤਾ 'ਤੇ ਹੋਏ, ਉਹ ਸਹਿਣ ਨਾ ਕਰ ਸਕੇ ਤੇ ਰਾਜਿਆਂ ਨੂੰ ਬੁੱਚੜ ਤੇ ਕਸਾਈ ਤਕ ਕਹਿਣ ਤੋਂ ਗੁਰੇਜ਼ ਨਾ ਕੀਤਾ। ਬਾਬਰ ਨੇ ਜਦੋਂ ਐਮਨਾਬਾਦ ਵਿਖੇ ਲੁੱਟ ਮਚਾਈ, ਔਰਤਾਂ ਤੇ ਬੱਚਿਆਂ 'ਤੇ ਜ਼ੁਲਮ ਕੀਤਾ ਤਾਂ ਬਾਬਾ ਜੀ ਨੇ ਵਿਰੋਧ ਕੀਤਾ ਤਾਂ ਉਨ੍ਹਾਂ ਨੂੰ ਕੈਦ ਕਰ ਲਿਆ ਗਿਆ। ਉਨ੍ਹਾਂ ਲਿਖਿਆ :

**- ਰਾਜੇ ਸ਼ੀਹ ਮੁਕਦਮ ਕੁਤੇ ॥**

**ਜਾਇ ਜਗਾਇਨਿ ਬੈਠੇ ਸੁਤੇ ॥**

**- ਬਾਬਰਵਾਣੀ ਫਿਰਿ ਗਈ ਕੁਇਰੁ ਨ ਰੋਟੀ ਖਾਇ ॥**

**- ਪਾਪ ਕੀ ਜੰਞ ਲੈ ਕਾਬਲਹੁ ਧਾਇਆ ॥**

**ਜੋਰੀ ਮੰਗੈ ਦਾਨ ਵੇ ਲਾਲੋ ॥**

ਉਨ੍ਹਾਂ ਨੇ ਬਾਬਰ ਨੂੰ ਨਸੀਹਤ ਦਿੱਤੀ ਕਿ ਜੇ ਪੱਕੇ ਪੈਰੀਂ ਰਾਜ ਕਰਨਾ ਹੈ ਤਾਂ ਲੋਕਾਂ ਦੇ ਦਿਲ ਜਿੱਤੇ।

ਗੁਰੂ ਜੀ ਨੇ ਸੱਜਣ ਠੱਗ, ਮਲਕ ਭਾਗੋ, ਚਤੁਰ ਦਾਸ, ਬਨਾਰਸ ਦੇ ਬ੍ਰਾਹਮਣਾਂ, ਕੌਡੇ ਰਾਕਸ਼ਸ਼, ਨੂਰ ਸ਼ਾਹ, ਕਾਮਰੂਪ ਦੀ ਰਾਣੀ, ਬਗ਼ਦਾਦ ਦੇ ਪੀਰ ਦਸਤਗੀਰ ਤੇ ਮੱਕੇ ਦੇ ਕਾਜ਼ੀ ਆਦਿ ਨੂੰ ਰਾਹੇ ਪਾਇਆ।

ਉਨ੍ਹਾਂ ਨੇ ਆਪਣੇ ਸੇਵਕ ਭਾਈ ਲਾਲੋ ਜੀ ਨੂੰ ਪਹਿਲੀ ਮੰਜੀ ਬਖ਼ਸ਼ੀ ਤਾਂ ਕਿ ਉੱਤਰੀ ਭਾਰਤ ਵਿਚ ਸਿੱਖੀ ਅਤੇ ਭਰਾਤਰੀ ਭਾਵ ਦਾ ਪ੍ਰਚਾਰ ਹੋ ਸਕੇ। ਭਾਈ ਗੁਰਦਾਸ ਜੀ ਨੇ ਉਨ੍ਹਾਂ ਬਾਰੇ ਲਿਖਿਆ ਹੈ :

**- ਬਾਬੇ ਤਾਰੇ ਚਾਰਿ ਚਕਿ ਨਉ ਖੰਡਿ ਪ੍ਰਿਥਮੀ ਸਚਾ ਢੋਆ ॥**

ਗੁਰੂ ਸਾਹਿਬ ਦੀ ਵਡਿਆਈ ਦੀ ਹੋਰ ਵੱਡੀ ਮਿਸਾਲ ਕੀ ਹੋ ਸਕਦੀ ਹੈ ਕਿ ਉਨ੍ਹਾਂ ਨੇ ਆਪਣੇ ਪੁੱਤਰਾਂ ਨੂੰ ਛੱਡ ਕੇ ਆਪਣੇ ਅੰਨਿਨ ਸੇਵਕ ਭਾਈ ਲਹਿਣੇ ਨੂੰ ਅੰਗੀਕਾਰ ਕੀਤਾ ਤੇ 'ਅੰਗਦ' ਨਾਮ ਦਿੱਤਾ ਤੇ ਉਨ੍ਹਾਂ ਨੂੰ ਗੁਰਗੱਦੀ ਦਾ ਵਾਰਿਸ ਥਾਪਿਆ।

ਗੁਰੂ ਜੀ ਨੇ ਦੇਸ਼-ਦੁਨੀਆ ਦੇ ਕੋਨੇ-ਕੋਨੇ 'ਚ ਜਾ ਕੇ ਲਗਪਗ 38 ਹਜ਼ਾਰ ਮੀਲ ਦੀ ਪੈਦਲ ਯਾਤਰਾ ਕੀਤੀ ਤੇ ਤਰ੍ਹਾਂ-ਤਰ੍ਹਾਂ ਦੇ ਲੋਕਾਂ ਕਿਰਤੀ, ਮਿਸਤਰੀ, ਕੋਹੜੀ, ਅਨਾਥ, ਗ਼ਰੀਬ ਤੇ ਲੱਖਪਤੀਆਂ ਨੂੰ ਮਿਲੇ ਤੇ ਉਨ੍ਹਾਂ ਦਾ ਮਾਰਗ ਦਰਸ਼ਨ ਕੀਤਾ।

ਉਦਾਸੀਆਂ ਤੋਂ ਬਾਅਦ ਗੁਰੂ ਸਾਹਿਬ ਨੇ ਕਰਤਾਰਪੁਰ ਸਾਹਿਬ ਵਿਖੇ ਟਿਕਾਣਾ ਕੀਤਾ ਤੇ ਖੇਤੀਬਾੜੀ ਕੀਤੀ। ਇਸ ਸਥਾਨ ਤੇ ਗੁਰੂ ਨਾਨਕ ਦੇਵ ਜੀ ਨੇ ਆਪਣੀਆਂ ਬਾਣੀਆਂ ਜਪੁਜੀ, ਆਸਾ ਦੀ ਵਾਰ, ਓਂਕਾਰ, ਸਿਧ ਗੋਸਟਿ, ਬਾਰਹਮਾਹ, ਅਲਾਹੁਣੀਆਂ ਤੇ ਘੋੜੀਆਂ ਦੀ ਰਚਨਾ ਮਾਤ ਭਾਸ਼ਾ ਪੰਜਾਬੀ 'ਚ ਕੀਤੀ, ਜੋ ਬਾਅਦ ਵਿਚ ਗੁਰਮੁਖੀ ਕਹਾਈ। ਉਨ੍ਹਾਂ ਦਾ ਮਕਸਦ ਸੀ ਆਪਣੇ ਸਿਧਾਂਤ, ਵਿਚਾਰ, ਉਪਦੇਸ਼ ਲੋਕਾਈ ਤਕ ਆਸਾਨ ਰੂਪ 'ਚ ਪਹੁੰਚਦੇ ਕੀਤੇ ਜਾਣ। ਪੰਜਾਬੀ ਵਿਚ ਬਾਣੀ ਦੀ ਰਚਨਾ ਸਦਕਾ ਪੜ੍ਹੇ ਲਿਖੇ ਲੋਕਾਂ ਦੀ ਗਿਣਤੀ ਵਧੀ ਤੇ ਧਾਰਮਿਕ ਉਪਦੇਸ਼ ਉਨ੍ਹਾਂ ਤੱਕ ਪੁੱਜੇ। ਇਸ ਤੋਂ ਇਲਾਵਾ ਬ੍ਰਾਹਮਣ ਵਰਗ ਵਿਚ ਉਸ ਵੇਲੇ ਦੇਵ ਭਾਸ਼ਾ ਜਾਂ ਸੰਸਕ੍ਰਿਤ ਪ੍ਰਚਲਿਤ ਸੀ। ਨਿਮਨ ਵਰਗਾਂ ਨੂੰ ਇਹ ਭਾਸ਼ਾ ਪੜ੍ਹਨ ਜਾ ਸਿੱਖਣ ਦੀ ਮਨਾਹੀ ਸੀ। ਗੁਰੂ ਸਾਹਿਬ ਨੇ ਉਸ ਵਰਗ ਨੂੰ ਪੰਜਾਬੀ ਭਾਸ਼ਾ ਪੜ੍ਹਨ ਦੀ ਖੁੱਲ੍ਹ ਦਿੱਤੀ ਤੇ ਆਮ ਲੋਕਾਂ ਨੂੰ ਸਿੱਖਿਆ ਪ੍ਰਾਪਤ ਕਰਨ ਦਾ ਅਧਿਕਾਰ ਦਿੱਤਾ।

# ਕਿਰਤ ਕਰੋ, ਨਾਮ ਜਪੋ, ਵੰਡ ਛਕੋ।

# ਗੁਰੂ ਤੇਗ ਬਹਾਦਰ ਅਤੇ ਮਨੁੱਖੀ ਅਜ਼ਾਦੀ

ਪ੍ਰੋ. ਗੁਰਨਾਮ ਸਿੰਘ ਡੱਲੀ



ਜਦੋਂ ਹਿੰਦੂ ਸੰਸਕ੍ਰਿਤੀ, ਮੁਸਲਮਾਨੀ ਹੱਲਿਆਂ ਦੀ ਮਾਰ ਨ ਸਹਾਰ ਕੇ ਜਰਵਾਣਿਆਂ ਅੱਗੇ ਚੁਫਾਲ ਡਿੱਗ ਪਈ ਤੇ ਰਾਜਸੀ ਅਤੇ ਧਾਰਮਿਕ ਸੁਤੰਤਰਤਾ ਗੁਆ ਬੈਠੀ ਤਾਂ ਉਸ ਸਮੇਂ ਗੁਰੂ ਨਾਨਕ ਸਾਹਿਬ ਨੇ 'ਨਾਮ ਦੀ ਚੜ੍ਹਦੀ ਕਲਾ ਤੇ 'ਸਰਬੱਤ ਦੇ ਭਲੇ' ਦਾ ਨਾਅਰਾ ਦੇ ਕੇ ਮਨੁੱਖੀ ਚੇਤਨਾ ਨੂੰ ਜਗਾਇਆ। ਇਸ ਮੌਕੇ ਭਾਰਤ-ਵਾਸੀ ਭੈਭੀਤ ਸਨ ਤੇ ਉਹ ਆਪਣਾ ਸ੍ਵੈਮਾਨ ਤੇ ਸੁਤੰਤਰਤਾ ਦੋਵੇਂ ਗੁਆ ਬੈਠੇ ਸਨ। ਉਨ੍ਹਾਂ ਦੀ ਧਾਰਮਿਕਤਾ ਨਿਰਾ ਦਿਖਾਵੇ ਮਾਤ੍ਰ ਸੀ। ਦੂਜੇ ਪਾਸੇ ਮੁਸਲਮਾਨ ਲਈ, ਗੈਰ ਮੁਸਲਿਮ ਦਾ ਸ਼ੁਭ ਚਿੰਤਕ ਹੋਣਾ ਇਕ ਤਰ੍ਹਾਂ ਧਰਮ ਈਮਾਨ ਤੋਂ ਬਾਹਰੀ ਗੱਲ ਮੰਨੀ ਜਾਂਦੀ ਸੀ। ਇਸ ਹਾਲਤ ਵਿਚ 'ਚੜ੍ਹਦੀ ਕਲਾ' ਤੇ 'ਸਰਬੱਤ ਦੇ ਭਲੇ' ਦਾ ਦਾਰੂ ਦੋਹਾਂ ਧਿਰਾਂ ਦੀ ਸਿਹਤ ਲਈ ਅਤਿ ਜ਼ਰੂਰੀ ਸੀ। ਡਾਢਾ, ਮਾੜੇ ਨੂੰ ਮਾਰਦਾ ਸੀ ਤੇ ਮਾੜਾ, ਡਾਢੇ ਤੋਂ ਮਾਰ ਖਾਂਦਾ ਸੀ; ਗੁਰੂ ਸਾਹਿਬ ਨੂੰ ਇਹ ਦੋਵੇਂ ਗੱਲਾਂ ਨਾ-ਪਸੰਦ ਸਨ। ਉਹ ਚਾਹੁੰਦੇ ਸਨ ਕਿ ਤਾਕਤਵਰ, ਤਾਕਤਵਰ ਨਾਲ ਜੂਝੇ; ਜੇ ਪਾੜ-ਖਾਣੇ ਬਘਿਆੜ ਗਊਆਂ ਉੱਤੇ ਟੁੱਟ ਪੈਣ ਤੇ ਹੱਤਿਆ ਕਰਨ ਤਾਂ ਇਹ ਕੋਈ ਨਿਆਂ ਨਹੀਂ। ਬਰਾਬਰ ਦੀ ਟੱਕਰ ਹੋਵੇ ਤਾਂ ਇਹ ਕੋਈ ਹਰਜੇ ਵਾਲੀ ਗੱਲ ਨਹੀਂ, ਆਖ਼ਰ ਜ਼ਿੰਦਗੀ ਇਕ ਸੰਗ੍ਰਾਮ ਹੈ। ਸ਼ਕਤੀਵਾਨ, ਸ਼ਕਤੀਵਾਨ ਨਾਲ ਟੱਕਰੇ ਤਾਂ ਕੋਈ ਗਿ਼ਲਾ ਨਹੀਂ:

**ਜੇ ਸਕਤਾ ਸਕਤੇ ਕਉ ਮਾਰੇ ਤਾ ਮਨਿ ਰੋਸੁ ਨ ਹੋਈ॥** (ਪੰਨਾ ੩੬੦)

ਇਥੇ ਜਰਵਾਣਿਆਂ ਨੇ ਭਾਰਤ ਦੀ ਧਾਰਮਕ ਮਾਨਤਾ, ਬੋਲ ਬਾਣੀ, ਪਹਿਰਾਵਾ, ਖਾਣ-ਪੀਣ ਤੇ ਰਹਿਣ-ਸਹਿਣ ਸੱਭੋ ਮਲੀਆਮੇਟ ਕਰ ਛੱਡਿਆ ਸੀ ਤੇ ਇਹ ਲੋਕ ਸਭ ਪਾਸਿਓਂ ਬੇਪਤ ਸਨ। ਖਾਸ ਕਰਕੇ ਮੁਗਲ ਜ਼ਮਾਨੇ ਵਿਚ ਹਾਲਤ ਤਰਸਯੋਗ ਹੋ ਗਈ ਸੀ।

ਭਗਤੀ ਲਹਿਰ ਦੇ ਸੰਤਾਂ ਨਾਲੋਂ ਗੁਰੂ ਨਾਨਕ ਸਾਹਿਬ ਦੀ ਇਹੋ ਵਿਸ਼ੇਸ਼ਤਾ ਸੀ ਕਿ ਉਨ੍ਹਾਂ ਨੂੰ ਇਹ ਸਭ ਕੁਝ ਚੁੱਭਦਾ ਸੀ। ਉਹ ਬ੍ਰਹਮ ਗਿਆਨੀ ਹੋਣ ਦੇ ਬਾਵਜੂਦ ਸ੍ਵੈਮਾਨੀ ਸਨ ਤੇ ਹਿੰਦ ਦਾ ਕੌਮੀ ਸ੍ਵੈਮਾਨ ਨਸ਼ਟ ਹੁੰਦਾ ਦੇਖ ਕੇ ਸਹਿ ਨਹੀਂ ਸੀ ਸਕਦੇ:

**ਜੇ ਜੀਵੈ ਪਤਿ ਲਥੀ ਜਾਇ॥ ਸਭੁ ਹਰਾਮੁ ਜੇਤਾ ਕਿਛੁ ਖਾਇ॥**
(ਪੰਨਾ ੧੪੨)

**ਆਦਿ ਪੁਰਖ ਕਉ ਅਲਹੁ ਕਹੀਐ ਸੇਖਾਂ ਆਈ ਵਾਰੀ॥**
**ਦੇਵਲ ਦੇਵਤਿਆਂ ਕਰੁ ਲਾਗਾ ਐਸੀ ਕੀਰਤਿ ਚਾਲੀ॥...**
**ਘਰਿ ਘਰਿ ਮੀਆ ਸਭਨਾਂ ਜੀਆਂ ਬੋਲੀ ਅਵਰ ਤੁਮਾਰੀ॥** (ਪੰਨਾ ੧੧੯੧)
**ਨੀਲ ਬਸਤ੍ਰ ਲੇ ਕਪੜੇ ਪਹਿਰੇ ਤੁਰਕ ਪਠਾਣੀ ਅਮਲੁ ਕੀਆ॥**
(ਪੰਨਾ ੪੭੦)

**ਅਭਾਖਿਆ ਕਾ ਕੁਠਾ ਬਕਰਾ ਖਾਣਾ॥**
**ਚਉਕੇ ਉਪਰਿ ਕਿਸੈ ਨਾ ਜਾਣਾ॥** (ਪੰਨਾ ੪੭੨)

ਗੁਲਾਮੀ ਦੇ ਇਹ ਕਾਰੀ ਜ਼ਖਮ ਇਕ ਦਿਨ ਵਿਚ ਰਾਜ਼ੀ ਨਹੀਂ ਸੀ ਹੋ ਸਕਦੇ। ਇਸ ਕਰਕੇ ਗੁਰੂ ਨਾਨਕ ਸਾਹਿਬ ਨੇ ਸਿੱਖ ਲਹਿਰ ਨੂੰ ਯੋਜਨਾਬੱਧ ਕਰਨ ਲਈ ਗੁਰਗੱਦੀ ਨੂੰ ਦਸ ਵਿਅਕਤੀਆਂ ਤਕ ਚਲਾਇਆ; ਥਾਂ-ਥਾਂ 'ਸੰਗਤਾਂ' ਕਾਇਮ ਕੀਤੀਆਂ; ਧਰਮਸ਼ਾਲਵਾਂ ਥਾਪੀਆਂ ਤਾਂ ਕਿ ਨੇਕੀ ਦੀ ਸ਼ਕਤੀ ਸੰਗਠਿਤ ਹੋ ਕੇ ਬਦੀ ਨਾਲ ਟੱਕਰ ਲੈ ਸਕੇ। ਸਿੱਖਾਂ ਨੂੰ ਉਨ੍ਹਾਂ ਸਾਵਧਾਨ ਵੀ ਕਰ ਦਿੱਤਾ ਕਿ ਇਹ ਮਾਲਾ ਫੜ ਕੇ ਜਾਂ ਏਕਾਂਤਵਾਸ ਲੈ ਕੇ ਦਿਨ-ਕਟੀ ਕਰਨ ਦਾ ਸਮਾਂ ਨਹੀਂ, ਸਗੋਂ ਸਿਰ ਤਲੀ 'ਤੇ ਰੱਖ ਕੇ ਚੱਲਣ ਦਾ ਵੇਲਾ ਹੈ:

**ਜਉ ਤਉ ਪ੍ਰੇਮ ਖੇਲਣ ਕਾ ਚਾਉ।**
**ਸਿਰੁ ਧਰਿ ਤਲੀ ਗਲੀ ਮੇਰੀ ਆਉ॥**
**ਇਤੁ ਮਾਰਗਿ ਪੈਰੁ ਧਰੀਜੈ॥**
**ਸਿਰੁ ਦੀਜੈ ਕਾਣਿ ਨ ਕੀਜੈ॥**
(ਪੰਨਾ ੧੪੧੨)

ਇਸ ਜਬਰ-ਜ਼ੁਲਮ ਦੇ ਖਿਲਾਫ ਕਈ ਵਿਰੋਧ ਉਠੇ ਪਰ ਇਹ ਸਭ ਵਿਅਕਤੀਗਤ ਕਿਸਮਤ ਦੇ ਸਨ। ਮੁਗ਼ਲਾਂ ਨੇ ਰਾਜਪੂਤਾਂ ਦਾ ਰਾਜ ਹੀ ਨਹੀਂ ਖੋਹਿਆ ਸਗੋਂ ਉਨ੍ਹਾਂ ਦੀਆਂ ਧੀਆਂ ਦੇ ਡੋਲੇ ਮਹੱਲਾਂ ਵਿਚ ਲਿਆ ਕੇ ਉਨ੍ਹਾਂ ਦੀ ਸਮਾਜਿਕ ਸ਼ਾਨ ਨੂੰ ਵੀ ਦਾਗੀ ਕੀਤਾ। ਇਸ ਵਿਰੁੱਧ ਕੁਝ ਹੱਦ ਤੱਕ ਰਾਣਾ ਪ੍ਰਤਾਪ ਨੇ ਬਗਾਵਤ ਕੀਤੀ; ਸ਼ਿਵਾ ਜੀ ਨੇ ਮਰਾਠਿਆਂ ਨੂੰ ਤਿਆਰ ਕੀਤਾ; ਗੋਕਲ ਨੇ ਜਾਟਾਂ ਤੇ ਖੁਸ਼ਹਾਲ ਖਾਂ ਖ਼ਟਕ ਨੇ ਪਠਾਣਾਂ ਨੂੰ ਲੜਾਇਆ। ਇਹ

ਸਮੇਂ-ਸਮੇਂ ਦੀਆਂ ਲਾਟਾਂ ਸਨ ਲੇਕਿਨ ਗੁਰੂਆਂ ਨੇ ਪੰਜਾਬ ਵਿਚ ਜਥੇਬੰਦ ਯਤਨਾਂ ਦੁਆਰਾ ਜੁਆਲਾਮੁਖੀ ਜਗਾ ਕੇ ਇਸ ਆਜ਼ਾਦੀ ਦੀ ਲਹਿਰ ਨੂੰ ਬਾਕਾਇਦਾ ਚਲਾਇਆ।

ਗੁਰੂ ਨਾਨਕ ਸਾਹਿਬ ਨੇ ਉਮਰ ਭਰ ਸਾਰੇ ਹਿੰਦ ਵਿਚ ਫਿਰ ਕੇ ਰੱਤ-ਪੀਣੇ ਕਸਾਈ ਰਾਜਿਆਂ ਦੀ ਰੱਜ ਕੇ ਨਿਖੇਧੀ ਕੀਤੀ, ਤੇ ਪਰਾਇਆ ਹੱਕ ਖਾਣ ਵਾਲਿਆਂ ਨੂੰ ਨਿੰਦਿਆ। ਆਪ ਨੇ ਅੰਧੀ ਰੱਯਤ ਨੂੰ ਨਿਰਭੈਤਾ ਦਾ ਜੀਵਨ ਬਸਰ ਕਰਨ ਦੀ ਜਾਚ ਦੱਸੀ ਕਿ ਰਾਜਸੀ ਭੈ ਇਕ ਹਊਆ ਹੀ ਹੈ, ਮਨ ਤਕੜਾ ਹੋਵੇ ਤਾਂ ਇਹ ਡਰ ਦਾ ਤਾਪ ਉਤਾਰਿਆ ਜਾ ਸਕਦਾ ਹੈ, ਨਿਰਭੈਤਾ ਹੀ ਆਜ਼ਾਦ ਜੀਵਨ ਦਾ ਮੁੱਖ ਲੱਛਣ ਹੈ :

**ਡਰੀਐ ਜੇ ਡਰੁ ਹੋਵੈ ਹੋਰੁ ॥**
**ਡਰਿ ਡਰਿ ਡਰਣਾ ਮਨ ਕਾ ਸੋਰੁ ॥**

(ਪੰਨਾ ੧੫੧)

**ਪਰਵਾਹ ਨਾਹੀ ਕਿਸੈ ਕੇਰੀ ਬਾਝੁ ਸਚੇ ਨਾਹ ॥**

(ਪੰਨਾ ੪੭੩)

ਗੁਰੂ ਅੰਗਦ ਸਾਹਿਬ ਨੇ ਲੋਕਾਂ ਵਿਚ ਦੇਸ਼ ਦੀ ਲਿਪੀ ਤੇ ਬੋਲੀ ਬਾਰੇ ਸ੍ਵੈਮਾਨ ਜਗਾਇਆ ਤੇ ਗੁਰੂ ਅਮਰਦਾਸ ਸਾਹਿਬ ਨੇ ਸਾਂਝਾ ਲੰਗਰ ਲਾ ਕੇ ਸਾਂਝੀ ਪੰਗਤ ਬਿਠਾ ਕੇ ਜਾਤ-ਪਾਤ ਦਾ ਵਹਿਮ ਤੋੜਿਆ ਤੇ ਮਨੁੱਖੀ ਏਕਤਾ ਦਾ ਸਬਕ ਦ੍ਰਿੜ੍ਹਾਇਆ। ਗੁਰੂ ਰਾਮਦਾਸ ਜੀ ਨੇ ਕਿਰਤੀ ਗਰੀਬ ਸਿੱਖਾਂ ਦੀ ਨਵੀਂ ਬਸਤੀ 'ਗੁਰੂ ਦਾ ਚੱਕ' ਵਸਾ ਕੇ ਇਸ ਏਕਤਾ ਨੂੰ ਹੋਰ ਮਜ਼ਬੂਤ ਕੀਤਾ ਤੇ ਸਿੱਖਾਂ ਵਿਚ ਨਿਰਭੈਤਾ ਦੀ ਭਾਵਨਾ ਜਗਾਈ :

**ਸੇ ਮੁਕਤੁ ਸੇ ਮੁਕਤੁ ਭਏ ਜਿਨ ਹਰਿ ਧਿਆਇਆ ਜੀ**
**ਤਿਨ ਤੂਟੀ ਜਮ ਕੀ ਫਾਸੀ ॥**
**ਜਿਨ ਨਿਰਭਉ ਜਿਨ ਹਰਿ ਨਿਰਭਉ ਧਿਆਇਆ ਜੀ**
**ਤਿਨ ਕਾ ਭਉ ਸਭੁ ਗਵਾਸੀ ॥**

(ਪੰਨਾ ੧੧)

**ਜਿਸੁ ਅੰਤਰੁ ਹਿਰਦਾ ਸੁਧੁ ਹੈ ਮੇਰੀ ਜਿੰਦੁੜੀਏ**
**ਤਿਨਿ ਜਨਿ ਸਭਿ ਡਰ ਸਟਿ ਘਤੇ ਰਾਮ ॥**

(ਪੰਨਾ ੫੪੦)

ਗੁਰੂ ਅਰਜਨ ਸਾਹਿਬ ਨੇ ਸਾਂਝਾ ਧਰਮ ਅਸਥਾਨ ਹਰਿਮੰਦਰ ਤੇ ਸਾਂਝਾ ਧਰਮ ਗ੍ਰੰਥ ਗੁਰੂ ਗ੍ਰੰਥ ਸਾਹਿਬ ਬਣਾ ਕੇ ਇਸ ਲਹਿਰ ਨੂੰ ਇਕ ਸੁਤੰਤਰ ਧਰਮ ਦਾ ਰੂਪ ਦਿੱਤਾ ਤੇ ਥਾਂ-ਥਾਂ ਤੋਂ ਇਹ ਧੁਨ ਸੁਣਾਈ ਦੇਣ ਲੱਗੀ :

**ਨਾ ਹਮ ਹਿੰਦੂ ਨ ਮੁਸਲਮਾਨ ॥**
**ਅਲਹ ਰਾਮ ਕੇ ਪਿੰਡੁ ਪਰਾਨ ॥**

(ਪੰਨਾ ੧੧੩੬)

**ਜਾ ਤੂ ਮੇਰੈ ਵਲਿ ਹੈ ਤਾ ਕਿਆ ਮੁਹਛੰਦਾ ॥**
**ਤੁਧੁ ਸਭੁ ਕਿਛੁ ਮੈਨੋ ਸਉਪਿਆ ਜਾ ਤੇਰਾ ਬੰਦਾ ॥**

(ਪੰਨਾ ੧੦੯੬)

ਹੁਣ ਸਿੱਖੀ ਦਾ ਜਲਵਾ ਸਾਫ ਦਿੱਸਣ ਲੱਗ ਪਿਆ ਸੀ ਤੇ ਰਾਜ-ਸੱਤਾ ਦੇ ਮਾਲਕ ਜਰਵਾਣੇ ਤੇ ਮਜ਼ਬੀ ਆਗੂ ਦੋਵੇਂ ਤਿਲਮਿਲਾ ਰਹੇ ਸਨ। 'ਤੋਜ਼ਕਿ ਜਹਾਂਗੀਰੀ' ਵਿੱਚ ਬਾਦਸ਼ਾਹ ਜਹਾਂਗੀਰ ਦੇ ਇਹ ਲਫਜ਼ ਧਿਆਨ ਯੋਗ ਹਨ :

'ਤਿੰਨ ਚਾਰ ਪੀੜ੍ਹੀਆਂ ਤੋਂ ਇਹ ਸਿੱਖੀ ਦੀ ਦੁਕਾਨ ਗਰਮ ਸੀ। ਕਿਤਨੇ ਚਿਰ ਤੋਂ ਮੇਰੇ ਦਿਲ ਵਿਚ ਇਹ ਖਿਆਲ ਆਉਂਦਾ ਸੀ ਕਿ ਇਸ ਝੂਠ ਦੇ ਵਪਾਰ ਨੂੰ ਬੰਦ ਕਰਨਾ ਚਾਹੀਦਾ ਹੈ ਜਾਂ ਉਸ ਗੁਰੂ ਨੂੰ ਮੁਸਲਮਾਨੀ ਮੱਤ ਵਿਚ ਲਿਆਉਣਾ ਚਾਹੀਦਾ ਹੈ।'

*'ਅਜ ਸਿਹ ਚਹਾਰ ਪੁਸ਼ਤਿਉਂ ਈਂ ਦੁਕਾਨਿ ਰਾ ਗਰਮਮੀਦਾਸ਼ਤੰਦ ਮੁਦੱਤਹ ਬਖ਼ਾਤਰ ਮੀਗੁਜ਼ਸ਼ਤ ਕਿ ਈਂ ਦੁਕਾਨਿ ਬਾਤਲ ਰਾ ਬਰਤਰਫ਼ ਬਾਯਦ ਸਾਖ਼ਤ, ਊਰਾ ਦਰ ਜਰਗਾਇ ਅਹਲਿ ਇਸਲਾਮ ਦਰ ਬਾਯਦ ਆਵੁਰਦ।' (ਤੋਜ਼ਕਿ ਜਹਾਂਗੀਰੀ)*

ਇਤਿਹਾਸ ਦੇ ਪਾਠਕ ਇਹ ਜਾਣਦੇ ਹੀ ਹਨ ਕਿ ਕਿਸ ਤਰ੍ਹਾਂ ਇਸ ਮਜ਼ਬੀ ਜਨੂੰਨ ਵਿਚ ਜਹਾਂਗੀਰ ਨੇ ਗੁਰੂ ਅਰਜਨ ਸਾਹਿਬ ਨੂੰ ਤਸੀਹੇ ਦੇ ਕੇ ਮਾਰ ਮੁਕਾਉਣ ਦਾ ਫ਼ੁਰਮਾਨ ਜਾਰੀ ਕੀਤਾ। ਦੂਜੇ ਪਾਸੇ ਸ਼ੇਖ ਅਹਿਮਦ ਸਰਹੰਦੀ (੧੫੬੧-੧੬੨੪) ਜੋ ਆਪਣੇ ਆਪ ਨੂੰ ਮੁਜੱਦਦ ਅਲਫਸਾਨੀ ਕਹਾਉਂਦਾ ਸੀ ਤੇ ਅਕਬਰ ਬਾਦਸ਼ਾਹ ਵੱਲੋਂ ਸਾਂਝ ਤੇ ਰਵਾਦਾਰੀ ਦੀ ਲਹਿਰ ਨੂੰ ਕੱਟ ਕੇ ਨਿਰੋਲ ਮੁਸਲਮ ਤੁਅੱਸਬ ਨੂੰ ਗਰਮਾਉਂਦਾ ਸੀ, ਇਸ ਕੱਟੜ ਫਿਰਕਾਪ੍ਰਸਤੀ ਨੇ ਰਾਜ-ਸੱਤਾ ਦੀ ਸ਼ਕਤੀ ਨਾਲ ਇਸਲਾਮ ਦੀ ਜਵਾਲਾ ਪ੍ਰਚੰਡ ਕਰਨ ਲਈ ਪੂਰੇ ਯਤਨ ਕੀਤੇ। ਉਹ ਗੁਰੂ ਅਰਜਨ ਸਾਹਿਬ ਦੀ ਸ਼ਹੀਦੀ ਉਪਰੰਤ ਸ਼ੇਖ ਫਰੀਦ ਬੁਖਾਰੀ ਨੂੰ ਖ਼ਤ ਲਿਖਦਾ ਹੋਇਆ ਕਹਿੰਦਾ ਹੈ –

'ਇਸ ਸਮੇਂ ਗੋਇੰਦਵਾਲ ਵਾਲੇ ਲਾਨਤੀ ਕਾਫਰ ਦਾ ਮਾਰਿਆ ਜਾਣਾ ਇਕ ਅੱਛੀ ਘਟਨਾ ਹੈ ਤੇ ਮਰਦੂਦ ਹਿੰਦੂਆਂ ਦੀ ਲੱਕ ਤੋੜਵੀਂ ਹਾਰ ਦਾ ਕਾਰਣ ਹੈ। ਇਸ ਕਤਲ ਪਿੱਛੇ ਨੀਅਤ ਜਾਂ ਗਰਜ਼ ਕੁਝ ਵੀ ਹੋਵੇ, ਕਾਫਰਾਂ ਦੀ ਬਰਬਾਦੀ ਹੀ ਇਸਲਾਮ ਲਈ ਨਿਆਮਤ ਹੈ।' 'ਦਰੀਂ ਵਕਤ ਕੁਸ਼ਤਨਿ ਕਾਫਰਿ ਲਈਨਿ ਗੋਇੰਦਵਾਲ, ਬਿਸਯਾਰ ਖੂਬ ਵਾਕਯਾ ਸੂਦ, ਬਾਇਸਿ ਸ਼ਿਕਸਤਿ ਅਜ਼ੀਮ ਬਰ ਹਨੂਦਿ ਮਰਦੂਦ ਗਸ਼ਤ। ਬਹਰ ਨਿਯਤ ਕਿ ਕੁਸ਼ਤਾ ਬਾਸ਼ੰਦ ਵ ਬਹਰ ਗਰਜ਼ ਕਿ  ਹਲਾਕ ਕਰਦਾ, ਖਾਰੀਏ ਕੁੱਫਾਰ ਨਕਦਿ ਅਹਲਿ ਇਸਲਾਮ ਅਸਤ।'

(ਮਕਤੂਬਾਤਿ ਇਮਾਮ ਰੱਬਾਨੀ, ਭਾਗ ਤੀਜਾ, ਖ਼ਤ ਨੰਬਰ ੧੯੩ ਸੰਪਾਦਕ- ਨੂਰ ਅਹਿਮਦ)

ਇਹ ਸੀ ਮੁਸਲਮਾਨੀ ਬਾਦਸ਼ਾਹ ਤੇ ਮੁਸਲਮਾਨੀ ਸ਼ੇਖ ਜਮਾਤ ਦਾ ਨਜ਼ਰੀਆ। ਸਟੇਟ ਤੇ ਚਰਚ ਦੋਵੇਂ ਸਿੱਖ ਲਹਿਰ ਤੋਂ ਔਖੇ ਸਨ। ਜਦੋਂ ਸੋਲ੍ਹਵੀਂ ਸਦੀ ਦੇ ਆਰੰਭ ਨਾਲ ਸਿੱਖੀ ਇਉਂ ਦੁਸ਼ਮਨਾਂ ਦੇ ਸੀਨਿਆਂ ਵਿਚ ਰੜਕਣ ਲੱਗ ਪਈ ਤਾਂ ਸਮੇਂ ਦੀ ਲੋੜ ਨੂੰ ਮੁੱਖ ਰੱਖ ਕੇ ਗੁਰੂ ਹਰਗੋਬਿੰਦ ਸਾਹਿਬ ਨੇ ਮੀਰੀ ਤੇ ਪੀਰੀ ਦੀਆਂ ਦੋ ਤਲਵਾਰਾਂ ਧਾਰਨ ਕੀਤੀਆਂ। ਇਸ ਦਾ ਭਾਵ ਇਹ ਸੀ ਕਿ ਅਸੀਂ ਪੀਰੀ-ਧਰਮ ਨੂੰ ਤਿਆਗਿਆ ਨਹੀਂ ਸਗੋਂ ਇਸ ਦੀ ਸੁਰੱਖਿਆ ਲਈ  ਨਾਲ ਮੀਰੀ-ਰਾਜਨੀਤਿਕ ਸੱਤਾ ਵੀ ਧਾਰ ਲਈ ਹੈ। ਛੱਪਰੀਆਂ ਦੀ ਥਾਂ ਛਾਉਣੀਆਂ ਬਣੀਆਂ, ਮਾਲਾਂ ਦੀ ਥਾਂ ਤੇਗਾਂ ਲਿਸ਼ਕੀਆਂ, ਸੰਤ ਸਿਪਾਹੀ ਰੋਹ ਵਿਚ ਆਏ, ਨਿੱਕੇ-ਮੋਟੇ ਜੰਗ ਹੋਏ ਤੇ ਸਿੱਖ ਲਹਿਰ  ਨੇ ਇਕ ਨਵਾਂ ਤਜਰਬਾ ਕੀਤਾ ਕਿ ਜਬਰ ਨਾਲ ਇਉਂ ਵੀ ਸਿੱਝਿਆ ਜਾ ਸਕਦਾ ਹੈ ਅਤੇ ਧਰਮ, ਸੰਸਾਰੀ ਸ਼ਕਤੀ ਨੂੰ ਨੇਕੀ ਦੀ ਤਾਕਤ ਵਧਾਉਣ ਲਈ ਵਰਤ ਸਕਦਾ ਹੈ । ਗੁਰੂ ਹਰਿ ਰਾਇ ਸਾਹਿਬ ਦਾਰਾ ਸ਼ਿਕੋਹ ਵਰਗੇ ਸ਼ਾਂਤੀ-ਪਸੰਦ ਤੇ ਨਿਰਪੱਖ ਨੀਤੀਵਾਨ ਦੇ ਮੁਦੱਈ ਸਨ ਪਰ ਉਸ ਭਲੇ ਆਦਮੀ ਨੂੰ ਸ਼ੈਤਾਨ ਸਾਮ੍ਹਣੇ ਹਾਰ ਹੋ ਗਈ। ਔਰੰਗਜ਼ੇਬ ਪਿਉ ਨੂੰ ਕੈਦ ਕਰਕੇ ਭਾਈਆਂ ਨੂੰ ਕਤਲ ਕਰ ਕੇ ੧੬੫੮ ਈ. ਵਿਚ ਰਾਜ ਗੱਦੀ 'ਤੇ ਬੈਠਾ। ਗੁਰੂ ਹਰਿ ਰਾਇ ਸਾਹਿਬ ਤੇ ਗੁਰੂ ਹਰਿ ਕਿਸ਼ਨ ਸਮੇਂ ਸਿੱਖ ਲਹਿਰ ਦਾ ਇਹੋ ਰਵੱਈਆ ਰਿਹਾ ਕਿ ਜਾਬਰ

ਜਰਵਾਣੇ ਦੇ ਮੱਥੇ ਨਹੀਂ ਲੱਗਣਾ, ਨਾ ਮਿਲਵਰਤਣ ਰੱਖਣੀ ਹੈ। ਇਸ ਪ੍ਰਣ ਨੂੰ ਪਕਿਆਈ ਨਾਲ ਨਿਭਾਇਆ ਗਿਆ। ਹੁਣ ਔਰੰਗਜ਼ੇਬ ਵਰਗਾ ਕੱਟੜ ਬਾਦਸ਼ਾਹ ਇਹ ਕਿਵੇਂ ਪਸੰਦ ਕਰ ਸਕਦਾ ਸੀ ਕਿ ਪੰਜਾਬ ਵਿੱਚ ਧਾਰਮਿਕ ਤੇ ਰਾਜਸੀ ਆਜ਼ਾਦੀ ਦੀ ਲਹਿਰ ਸਿਰ ਉਠਾਵੇ ਤੇ ਗ਼ੈਰ ਮੁਸਲਮਾਨ ਸੁਤੰਤਰ ਵਿਚਰ ਸਕਣ ! ਜਿਥੇ ਸ਼ੇਖ ਅਹਿਮਦ ਸਰਹੰਦੀ ਨੇ ਜਹਾਂਗੀਰ ਦੇ ਕੰਨ ਭਰ ਕੇ ਗੁਰੂ ਅਰਜਨ ਸਾਹਿਬ ਦਾ ਖੂਨ ਲਿਆ, ਉਥੇ ਇਸੇ ਸ਼ੇਖ ਦੇ ਦੋ ਪੁੱਤਰ ਖੁਆਜਾ ਮੁਹੰਮਦ ਸੈਫਦੀਨ ਔਰੰਗਜ਼ੇਬ ਪਾਸ ਦੱਖਣ ਰਹਿੰਦਾ ਇਸ ਨੂੰ ਤੁਅੱਸਬ ਦੀ ਪੱਟੀ ਪੜ੍ਹਾਉਂਦਾ ਰਹਿੰਦਾ। ਸਿੱਟਾ ਇਹ ਹੋਇਆ ਕਿ ਔਰੰਗਾ ਆਪਣੇ ਬਾਬੇ ਦਾ ਵੀ ਪਿਉ ਨਿਕਲਿਆ ਤੇ ਇਸ ਨੇ ਮਜ਼ਬੀ ਤੁਅੱਸਬ ਦੀ ਤਲਵਾਰ ਸੂਤ ਕੇ ਗ਼ੈਰ-ਮੁਸਲਮਾਨਾਂ ਨੂੰ ਹਰ ਤਰ੍ਹਾਂ ਮਲੀਆਮੇਟ ਕਰਨਾ ਸ਼ੁਰੂ ਕਰ ਦਿੱਤਾ।

ਹਿੰਦੂਆਂ ਦੇ ਮੰਦਰ, ਪਾਠਸ਼ਾਲਾ, ਰਸਮ-ਰੀਤਿ ਤੇ ਬਾਹਰੀ ਚਿੰਨ੍ਹ ਸਭੇ ਕ੍ਰੋਪੀ ਦਾ ਸ਼ਿਕਾਰ ਸਨ। ਇਸ ਮੌਕੇ ਗੁਰੂ ਤੇਗ ਬਹਾਦਰ ਆਜ਼ਾਦੀ ਦੀ ਲਹਿਰ ਦੇ ਨੇਤਾ ਬਣੇ। ਉਨ੍ਹਾਂ ਸਾਰੇ ਹਿੰਦੁਸਤਾਨ ਵਿਚ ਇਕੋ ਹੋਕਾ ਦਿੱਤਾ ਕਿ ਜੋ ਦਬੇਲ ਬਣਦਾ ਹੈ, ਉਹ ਕਾਇਰ ਹੈ ; ਜੋ ਦੂਜੇ ਨੂੰ ਭੈਭੀਤ ਕਰਕੇ ਦਬੇਲ ਬਣਾਉਂਦਾ ਹੈ, ਉਹ ਜ਼ਾਲਮ ਹੈ। ਅਸਲ ਸੋਝੀਵਾਨ ਸਾਊ ਮਨੁੱਖ ਉਹੋ ਹੈ ਜੋ ਭੈ ਰਹਿਤ ਜੀਵਨ ਬਿਤਾਉਂਦਾ ਹੈ :

**ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥**
**ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ॥**

**(ਪੰਨਾ ੧੪੨੭)**

ਉਨ੍ਹਾਂ ਸੁਤੰਤਰ ਮਨੁੱਖ ਦਾ ਸੰਕਲਪ ਹੀ ਇਹ ਰੱਖਿਆ ਜੋ ਦੁਖ ਸੁਖ, ਮਾਨ ਅਪਮਾਨ, ਖੁਸ਼ੀ ਗ਼ਮੀਂ, ਨਿੰਦਾ ਉਸਤਿਤ ਤੇ ਗਰੀਬੀ ਅਮੀਰੀ ਤੋਂ ਉੱਪਰ ਉਠ ਕੇ ਸਮ-ਦ੍ਰਿਸ਼ਟਾ ਬਣੇ, ਨਿਰਭੈਤਾ ਤੇ ਦ੍ਰਿੜ੍ਹਤਾ ਨਾਲ ਅਚਲ ਅਡੋਲ ਹੋ ਕੇ ਆਪਣੇ ਆਦਰਸ਼ ਵੱਲ ਵਧਦਾ ਜਾਵੇ :

**ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ॥**
**ਸੁਖ ਸਨੇਹੁ ਅਰੁ ਭੈ ਨਹੀ ਜਾ ਕੈ ਕੰਚਨ ਮਾਟੀ ਮਾਨੈ॥੧॥ ਰਹਾਉ॥**
**ਨਹ ਨਿੰਦਿਆ ਨਹ ਉਸਤਿਤ ਜਾ ਕੈ ਲੋਭੁ ਮੋਹੁ ਅਭਿਮਾਨਾ॥**
**ਹਰਖ ਸੋਗ ਤੇ ਰਹੈ ਨਿਆਰਉ ਨਾਹਿ ਮਾਨ ਅਪਮਾਨਾ॥੧॥**

**(ਪੰਨਾ ੬੩੩)**

ਇਸ ਕਿਸਮ ਦੇ ਵਿਚਾਰ ਉਨ੍ਹਾਂ ਪੰਜਾਬ ਵਿਚ ਹੀ ਨਹੀਂ ਪ੍ਰਚਾਰੇ, ਸਗੋਂ ਪੰਜਾਬ ਤੋਂ ਬਾਹਰ ਜਾ ਕੇ ਬੰਗਾਲ, ਅਸਾਮ ਤੱਕ ਵੀ ਇਹ ਨਿਰਭੈਤਾ ਤੇ ਸੁਤੰਤਰਤਾ ਦੀ ਜੀਵਨ-ਜਾਤ ਸਮਝਾਈ, ਜਿਸ ਦਾ ਡੂੰਘਾ ਅਸਰ ਪਿਆ।

ਬਾਦਸ਼ਾਹ ਬਹੁਤ ਘਬਰਾਇਆ। ਉਹ ਸਾਰੀ ਹਿੰਦ-ਵੈਣ ਨੂੰ ਇਕੋ ਚੱਕਰ ਵਿਚ ਮੁਸਲਮਾਨ ਬਣਾ ਲੈਣਾ ਚਾਹੁੰਦਾ ਸੀ। ਆਮ ਹਿੰਦੂ ਭੈਭੀਤ ਹੋ ਕੇ ਬ੍ਰਾਹਮਣਾਂ ਪਾਸ ਪਹੁੰਚੇ ਤੇ ਦੇਸ਼ ਭਰ ਦੇ ੧੬ ਮੁਖੀ ਬ੍ਰਾਹਮਣ ਇਕੱਤਰ ਹੋ ਕੇ ਅਨੰਦਪੁਰ ਗੁਰੂ ਜੀ ਦੀ ਸ਼ਰਣ ਆਏ। ਸਤਿਗੁਰਾਂ ਉਨ੍ਹਾਂ ਨੂੰ ਦ੍ਰਿੜ੍ਹਤਾ ਦਾ ਪਾਠ ਪੜ੍ਹਾਇਆ ਤੇ ਕੁਰਬਾਨੀ ਦਾ ਰਸਤਾ ਦਿਖਾਇਆ :

**ਸਾਧੋ ਇਹੁ ਤਨੁ ਮਿਥਿਆ ਜਾਨਉ॥**
**ਯਾ ਭੀਤਰਿ ਜੋ ਰਾਮੁ ਬਸਤੁ ਹੈ ਸਾਚੋ ਤਾਹਿ ਪਛਾਨੋ॥**

**(ਪੰਨਾ ੧੧੮੬)**

ਔਰੰਗਜ਼ੇਬ ਨੇ ਗੁਰੂ ਸਾਹਿਬ ਦੀ ਸਰਗਰਮੀ ਦੇਖ ਕੇ ਫੌਰਨ ਉਨ੍ਹਾਂ ਦੀ ਗ੍ਰਿਫ਼ਤਾਰੀ ਦੇ ਹੁਕਮ ਜਾਰੀ ਕਰ ਦਿੱਤੇ ਤੇ ਉਨ੍ਹਾਂ ਨੂੰ ਦਿੱਲੀ ਚਾਂਦਨੀ ਚੌਂਕ ਵਿਚ ਲਿਆ ਕੇ ਕਤਲ ਕਰ ਦਿੱਤਾ।

ਉਨ੍ਹਾਂ ਦੇ ਸਾਮ੍ਹਣੇ ਤਿੰਨ ਗੱਲਾਂ ਰੱਖੀਆਂ ਗਈਆਂ :

੧) ਜੇ ਹਿੰਦੂਆਂ ਦੇ ਪੀਰ ਹੋ, ਤਾਂ ਕਰਾਮਾਤ ਦਿਖਾਓ !

੨) ਜੇ ਇਹ ਨਹੀਂ ਕਰਨਾ ਤਾਂ ਇਸਲਾਮ ਅਪਣਾਓ !

੩) ਵਰਨਾ ਤੀਜੀ ਸਜ਼ਾ ਮੌਤ ਕਬੂਲ ਕਰੋ !

ਗੁਰੂ ਸਾਹਿਬ ਨੇ ਕਿਹਾ, ਸਾਡੇ ਮੱਤ ਵਿਚ ਰੱਬੀ ਹੁਕਮ ਦੇ ਸਨਮੁਖ ਕਰਾਮਾਤ ਦਿਖਾਉਣੀ ਕਹਿਰ ਕਮਾਉਣਾ ਹੈ।

ਇਸਲਾਮ ਵੱਲ ਆਉਣਾ ਆਪਣਾ ਈਮਾਨ ਗੁਆਉਣਾ ਹੈ। ਨਾਟਕ ਚੇਟਕ ਮਦਾਰੀਆਂ ਦਾ ਕੰਮ ਹੈ, ਮਰਦਾਂ ਦਾ ਨਹੀਂ। ਅਸੀਂ ਤਾਂ ਭਾਣੇ ਵਿਚ ਰਹਿ ਕੇ ਜੀਵਨ ਬਸਰ ਕਰਨਾ ਹੈ। ਦੂਜੇ, ਕਿਸੇ ਦੀ ਧਾਰਮਿਕ ਆਜ਼ਾਦੀ ਵਿਚ ਦਖਲਅੰਦਾਜ਼ੀ ਮਨੁੱਖੀ ਸਭਿਆਚਾਰ ਵਿਚ ਪਰਵਾਣ ਨਹੀਂ। ਅਸੀਂ ਨ ਤਿਲਕ ਮੁਦੱਈ ਤੇ ਨ ਜੀਵ ਦੇ ਪਰ ਮਜ਼ਲੂਮ ਲੋਕਾਂ ਦੀ ਬਾਂਹ ਫੜਨਾ, ਹਮਦਰਦੀ ਕਰਨਾ ਸਾਡਾ ਪਹਿਲਾ ਫਰਜ਼ ਹੈ। ਸਰਬੱਤ ਦਾ ਭਲਾ ਸਾਡਾ ਧਰਮ ਹੈ ਤੇ ਇਸ ਧਰਮ ਲਈ ਅਸੀਂ ਕੋਈ ਵੀ ਕੁਰਬਾਨੀ ਕਰਨੋਂ ਨਹੀਂ ਹਿਚਕਾਉਂਦੇ। ਸੋ ਗੁਰੂ ਸਾਹਿਬ ਨੇ ਮੌਤ ਨੂੰ ਖੁਸ਼ੀ-ਖੁਸ਼ੀ ਪਰਵਾਣ ਕੀਤਾ ਤੇ ਆਪਣਾ ਬਲੀਦਾਨ ਦੇ ਕੇ ਈਮਾਨ ਨੂੰ ਸ਼ਕਤੀਵਾਨ ਕੀਤਾ :

**ਠੀਕਰ ਫੋਰਿ ਦਿਲੀਸ ਸਿਰ, ਪ੍ਰਭੁ ਪੁਰਿ ਕੀਆ ਪਿਆਨ॥**
**ਤੇਗ ਬਹਾਦਰ ਸੀ ਕ੍ਰਿਆ, ਕਰੀ ਨ ਕਿਨਹੂੰ ਆਨ॥**
**ਤੇਗ ਬਹਾਦਰ ਕੇ ਚਲਤ, ਭਯੋ ਜਗਤ ਮਹਿ ਸ਼ੋਕ॥**
**ਹੈ ਹੈ ਹੈ ਸਭ ਜਗ ਭਯੋ, ਜੈ ਜੈ ਜੈ ਸੁਰ ਲੋਕ॥**

**(ਬਚਿਤ੍ਰ ਨਾਟਕ ਪਾ : ੧੦)**

ਇਹ ਗੱਲ ਸੱਚ ਹੈ ਕਿ ਸਤਿਗੁਰਾਂ ਦਾ ਸ਼ਹੀਦੀ ਕਾਰਨਾਮਾ, ਅਦੁੱਤੀ ਹੈਸੀਅਤ ਰੱਖਦਾ ਸੀ।

ਆਖਰ ਆਪ ਨੂੰ ਧਰਮ ਦੇ ਪੜਦੇ ਕੱਜਣ ਵਾਲਾ ਤੇ ਹਿੰਦ ਦੀ ਲੱਜ ਰੱਖਣ ਵਾਲਾ ਅਰਥਾਤ ਧਰਮ ਦੀ ਚਾਦਰ ਜਾਂ ਹਿੰਦ ਦੀ ਚਾਦਰ ਕਹਿ ਕੇ ਸਤਿਕਾਰਿਆ ਗਿਆ। ਇਹ ਸਮੁੱਚੇ ਦੇਸ਼ਦੀ ਸ਼ਰਧਾਂਜਲੀ ਸੀ। ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਨੇ ਜਬਰ ਤੇ ਅਨਿਆਂ ਵਿਰੁੱਧ ਬਗਾਵਤ ਦਾ ਝੰਡਾ ਖੜ੍ਹਾ ਕਰਕੇ ਮਨੁੱਖੀ ਅਜ਼ਾਦੀ ਦੀ ਲਹਿਰ ਨੂੰ ਸਿਖਰ 'ਤੇ ਪਹੁੰਚਾ ਦਿੱਤਾ।

# ਆਓ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੇ ਲੜ ਲੱਗੀਏ ਅਤੇ ਆਪਣੇ ਬੱਚਿਆਂ ਨੂੰ ਵੀ ਪ੍ਰੇਰੀਏ !

# ਗੁਰ ਸਾਗਰ ਦੇ ਸੁੱਚੇ ਮੋਤੀ

ਸਿੰਘ ਸਾਹਿਬ ਗਿਆਨੀ ਚੇਤ ਸਿੰਘ

## ਨਨਕਾਣਾ ਸਾਹਿਬ ਦਾ ਬੁੰਗਾ

ਸ੍ਰੀ ਨਨਕਾਣਾ ਸਾਹਿਬ ਜੀ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਉਤਸਵ ਤੇ ਬੜੀ ਦੂਰ-ਦੂਰ ਤੋਂ ਸੰਗਤਾਂ ਪੁੱਜਦੀਆਂ ਸਨ। ਕਈ ਸੰਸਥਾਵਾਂ ਜਿਸ ਤਰ੍ਹਾਂ ਕਿ ਚੀਫ਼ ਖ਼ਾਲਸਾ ਦੀਵਾਨ ਅਤੇ ਹੋਰ ਕਈ ਬਰਾਦਰੀਆਂ ਨੇ ਆਪਣੇ ਠਹਿਰਨ ਲਈ ਅਤੇ ਧਾਰਮਿਕ ਦੀਵਾਨ ਲਾਉਣ ਲਈ ਬੁੰਗੇ ਬਣਾਏ ਹੋਏ ਸਨ। ਲੁਬਾਣਾ ਬਰਾਦਰੀ ਸ੍ਰੀ ਨਨਕਾਣਾ ਸਾਹਿਬ ਦੇ ਨੇੜੇ ਬਹੁਤ ਆਬਾਦ ਸੀ, ਜ਼ਿਲ੍ਹਾ ਗੁੱਜਰਾਂਵਾਲਾ, ਸ਼ੇਖੂਪੁਰਾ, ਲਾਇਲਪੁਰ, ਇਨ੍ਹਾਂ ਜ਼ਿਲ੍ਹਿਆਂ ਵਿੱਚੋਂ ਲੁਬਾਣਾ ਬਰਾਦਰੀ ਦੀਆਂ ਸੰਗਤਾਂ ਭੀ ਹੁਮ ਹੁਮਾ ਕੇ ਇਸ ਗੁਰਪੁਰਬ ਤੇ ਪੁੱਜਦੀਆਂ ਸਨ, ਪਰ ਇਨ੍ਹਾਂ ਦੇ ਠਹਿਰਨ ਦਾ ਕੋਈ ਵੱਖਰਾ ਟਿਕਾਣਾ ਨਹੀਂ ਸੀ। ਇਸ ਘਾਟ ਨੂੰ ਸਾਹਮਣੇ ਰੱਖ ਕੇ ਸ. ਬਹਾਦਰ ਗੁਪਾਲ ਸਿੰਘ ਜੀ ਪਿੰਡ ਗੁਪਾਲ ਸਿੰਘ ਵਾਲਾ, ਨੇੜੇ ਅਟਾਰੀ ਜ਼ਿਲ੍ਹਾ ਅੰਮ੍ਰਿਤਸਰ, ਸ. ਸੁਚੇਤ ਸਿੰਘ ਸਫੈਦਪੋਸ਼ ਚੱਕ 476 ਜ਼ਿਲ੍ਹਾ ਲਾਇਲਪੁਰ, ਸ. ਸੁਰਜਨ ਸਿੰਘ ਜੀ ਚੱਕ 441 ਜ਼ਿਲ੍ਹਾ ਲਾਇਲਪੁਰ, ਜ਼ੈਲਦਾਰ ਸੁੰਦਰ ਸਿੰਘ ਜੀ ਚੱਕ 88 ਜ਼ਿਲ੍ਹਾ ਮੁਲਤਾਨ, ਸੰਨ 1915 ਵਿੱਚ ਇਨ੍ਹਾਂ ਉਪਰੋਕਤ ਸੱਜਣਾਂ ਨੇ ਉੱਦਮ ਕੀਤਾ ਅਤੇ ਮਹੰਤ ਤੀਰਥ ਸਿੰਘ ਜੀ ਬਾਲ ਲੀਲਾ ਵਾਲਿਆਂ ਪਾਸੋਂ ਗੁ: ਬਾਲ ਲੀਲਾ ਦੇ ਨੇੜੇ ਹੀ ਇੱਕ ਚਾਰ ਕਨਾਲ ਦਾ ਰਕਬਾ ਲੁਬਾਣਾ ਬੁੰਗਾ ਦੇ ਨਾਂ ਤੇ ਖਰੀਦ ਕੇ ਰਜਿਸਟਰੀ ਕਰਵਾ ਲਈ। ਫਿਰ ਕੁੱਝ ਬਰਾਦਰੀ ਵਿੱਚੋਂ ਉਗਰਾਹੀ ਕਰਕੇ ਚਾਰ ਦੀਵਾਰੀ ਤੇ ਕੁੱਝ ਚਾਰ ਪੰਜ ਕਮਰੇ ਭੀ ਬਣਾ ਦਿੱਤੇ। ਇਸ ਦੀ ਹਿਫਾਜ਼ਤ ਲਈ ਆਏ ਗਏ ਯਾਤਰੂ ਦੀ ਸੇਵਾ ਲਈ ਭਾਈ ਨਰਾਇਣ ਸਿੰਘ ਜੀ, ਜੋ ਪਿੱਛੋਂ ਟਾਂਡਾ ਜ਼ਿਲ੍ਹਾ ਗੁਜਰਾਤ ਦੇ ਸਨ, ਉਥੇ ਇੱਕ ਤਰ੍ਹਾਂ ਨਾਲ ਗ੍ਰੰਥੀ ਹੀ ਨਿਯਤ ਕਰ ਦਿੱਤੇ, ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਦਾ ਪ੍ਰਕਾਸ਼ ਇੱਕ ਕਮਰੇ ਵਿੱਚ ਰੋਜ਼ ਕਰਦੇ। ਸ੍ਰੀ ਮਾਨ ਸੰਤ ਬਾਬਾ ਪ੍ਰੇਮ ਸਿੰਘ ਜੀ ਭੀ ਸ੍ਰੀ ਨਨਕਾਣਾ ਸਾਹਿਬ, ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਉਤਸਵ ਤੇ 1916 ਈਸਵੀ ਨੂੰ ਪੁੱਜੇ। ਸੰਗਤਾਂ ਦਾ ਭਾਰੀ ਇਕੱਠ ਸੀ, ਮਹਾਂਪੁਰਖਾਂ ਦੇ ਪੁੱਜਣ ਨਾਲ ਸੰਗਤਾਂ ਵਿੱਚ ਬੜਾ ਉਤਸ਼ਾਹ ਪੈਦਾ ਹੋਇਆ ਤੇ ਸੰਗਤ ਦੇ ਮੁਖੀਆਂ ਨੇ ਹੱਥ ਜੋੜ ਕੇ ਬੇਨਤੀ ਕੀਤੀ ਕਿ ਮਹਾਰਾਜ ! ਬੁੰਗੇ ਦੀ ਸੇਵਾ ਜੋ ਬਾਕੀ ਰਹਿੰਦੀ ਹੈ, ਉਹ ਕ੍ਰਿਪਾ ਕਰਕੇ ਆਪ ਆਪਣੇ ਹੱਥ ਵਿੱਚ ਲੈ ਕੇ ਇਨ੍ਹਾਂ ਨੂੰ ਸੰਪੂਰਨ ਕਰੋ, ਆਪ ਜੀ ਦੀ ਬੜੀ ਕ੍ਰਿਪਾ ਹੋਵੇਗੀ। ਆਪ ਜੀ ਨੇ ਇਨ੍ਹਾਂ ਦਾ ਬਚਨ ਸਤ ਕਰਕੇ ਮੰਨ ਲਿਆ। ਸੰਨ 1914 ਦੀ ਲੜਾਈ ਲਗਿਆਂ ਨੂੰ ਦੋ ਸਾਲ ਹੋ ਗਏ ਸਨ। ਆਪ ਜੀ ਨੇ ਇਥੇ ਹੀ ਸੇਵਾ ਕਰਨੀ ਸ਼ੁਰੂ ਕਰ ਦਿੱਤੀ। ਇਸ ਪੁਰਬ ਤੇ ਆਈਆਂ ਸੰਗਤਾਂ ਨੂੰ ਬੁੰਗੇ ਲਈ ਅਪੀਲ ਕੀਤੀ। ਕੁੱਝ ਹਜ਼ਾਰ ਰੁਪਿਆ ਇਕੱਠਾ ਹੋ ਗਿਆ। ਬਾਹਰ ਫੌਜਾਂ ਵਿੱਚ ਚਿੱਠੀਆਂ ਮਾਇਆ ਭੇਜਣ ਲਈ ਲਿਖ ਦਿੱਤੀਆਂ। ਆਪ ਜੀ ਮੁਰਾਲੇ ਆ ਗਏ। ਬੁੰਗੇ ਦੀ ਇਮਾਰਤ ਜਲਦੀ ਬਨਾਉਣ ਦਾ ਫੈਸਲਾ ਕਰ ਲਿਆ। ਸਭ ਤੋਂ ਪਹਿਲਾਂ ਆਪ ਜੀ ਨੇ ਗੁਰਦੁਆਰਾ ਬਨਾਉਣ ਦਾ ਪ੍ਰੋਗਰਾਮ ਬਣਾਇਆ। ਉਸ ਦਾ ਨਕਸ਼ਾ ਤਿਆਰ ਕਰਵਾਇਆ। ਵਿਚਾਲੇ ਹਾਲ ਤੇ ਦੁਆਲੇ ਚਾਰੇ ਪਾਸੇ ਦੋ ਮੰਜ਼ਲੇ ਬ੍ਹਾਂਡੇ ਬਣਾਏ ਜਾਣੇ ਸਨ। ਸ. ਰਾਮ ਸਿੰਘ ਜੀ ਦਿਲੋਂਵਾਲੇ ਜੋ ਮਹਾਂਪੁਰਖਾਂ ਦੇ ਪ੍ਰੇਮੀ ਸਨ, ਆਪ ਭੱਠਿਆਂ ਦਾ ਕੰਮ ਕਰਦੇ ਸਨ। ਇਨ੍ਹਾਂ ਦੀ ਡਿਊਟੀ ਇੱਟਾਂ ਆਦਿ ਖਰੀਦਣ ਦੀ ਤੇ ਚੂਨਾ ਆਦਿ ਸਾਰਾ ਮਸਾਲਾ ਇਕੱਠਾ ਕਰਨ ਦੀ ਲਾ ਦਿੱਤੀ। ਬਾਬਾ ਗੁਲਾਬ ਸਿੰਘ ਜੀ ਮਿਸਤਰੀ ਆਲੋ ਮੁਹਾਰ ਜ਼ਿਲ੍ਹਾ ਸਿਆਲਕੋਟ ਦੇ ਸਨ। ਉਨ੍ਹਾਂ ਨੂੰ ਉਸਾਰੀ ਕਰਨ ਲਈ ਨਨਕਾਣੇ ਸਾਹਿਬ ਪੁੱਜਣ ਲਈ ਸੁਨੇਹਾ ਭੇਜ ਦਿੱਤਾ। ਜੇਹਲਮ ਤੋਂ ਲੱਕੜ ਦੀਆਂ ਵੱਡੀਆਂ-ਵੱਡੀਆਂ ਗੇਲੀਆਂ ਖਰੀਦ ਲਈਆਂ ਤੇ ਨਨਕਾਣੇ ਸਾਹਿਬ ਮਾਲ-ਗੱਡੀ ਵਿੱਚ ਲਦਵਾ ਕੇ ਭੇਜ ਦਿੱਤੀਆਂ। ਜਦੋਂ ਇਹ ਸਾਰਾ ਸਮਾਨ ਇਕੱਠਾ ਹੋ ਗਿਆ ਤਾਂ ਦਾਸ ਨੂੰ ਕੁੱਝ ਹਜ਼ਾਰ ਰੁਪਿਆ ਦੇ ਕੇ ਹਿਸਾਬ ਕਿਤਾਬ ਰੱਖਣ ਲਈ ਨਨਕਾਣੇ ਸਾਹਿਬ ਕੁੱਝ ਸਮੇਂ ਲਈ ਭੇਜ ਦਿੱਤਾ। ਚਾਰ ਮੁੰਡੇ ਜਿਨ੍ਹਾਂ ਦੀ ਉਮਰ ਪੰਦਰਾਂ-ਪੰਦਰਾਂ, ਸੋਲ੍ਹਾਂ-ਸੋਲ੍ਹਾਂ ਸਾਲ ਦੀ ਸੀ, ਜਿਨ੍ਹਾਂ ਦੇ ਨਮ ਇਹ ਸਨ - ਭਾ: ਲਧਾ ਸਿੰਘ ਖੋੜੀ ਦੂਨਾ ਸਿੰਘ, ਭਾਈ ਵਧਾਵਾ ਸਿੰਘ ਖੋੜੀ ਦੂਨਾ ਸਿੰਘ, ਭਾਈ ਗੰਗਾ ਸਿੰਘ ਕੋਟਲੀ ਮਿਨਹਾਸ, ਭਾਈ ਰਾਮ ਸਿੰਘ ਮੁਜ਼ਫਰਾਬਾਦ।

ਇਮਾਰਤ ਦਾ ਸਾਰਾ ਸਮਾਨ, ਇੱਟਾਂ, ਚੂਨਾ, ਲੱਕੜ ਆਦਿ ਭੀ ਪਹੁੰਚ ਗਿਆ। ਮਹਾਂਪੁਰਖ ਆਪ ਭੀ ਪੁੱਜੇ। ਅਰਦਾਸਾ ਸੋਧ ਕੇ ਕੰਮ ਸ਼ੁਰੂ ਕਰ ਦਿੱਤਾ। ਮਹਾਂਪੁਰਖਾਂ ਨੇ ਆਪਣੀ ਸ਼ਕਤੀ ਵਰਤਾਈ। ਇਨ੍ਹਾਂ ਚੌਹਾਂ ਮੁੰਡਿਆਂ ਨੇ ਬੜਾ ਕੰਮ ਕੀਤਾ। ਕਾਰੀਗਰ ਭੀ ਹੈਰਾਨ ਰਹਿ ਗਏ, ਜਦੋਂ ਇਹ ਚਾਰੇ ਪੰਦਰਾਂ-ਪੰਦਰਾਂ ਗਿੱਲੀਆਂ ਇੱਟਾਂ ਸਿਰਾਂ ਤੇ ਚੁੱਕ ਕੇ ਗੋਆਂ ਤੇ ਪਹੁੰਚਾਂਦੇ। ਮਜ਼ਦੂਰ ਕੇਵਲ ਇੱਕ ਬਾਕੀ ਇਹ ਮੁੰਡੇ ਹੀ ਸਾਰਾ ਕੰਮ ਕਰਦੇ ਸਨ। ਲੜਾਈ ਦੇ ਕਾਰਨ ਗਾਡਰ ਨਹੀਂ ਸਨ ਮਿਲੇ। ਗਾਡਰਾਂ ਦੀ ਥਾਂ ਕੈਂਚੀਆਂ ਬਣਾ ਕੇ ਉੱਤੇ ਛੱਤ ਪਾਈ। ਠੀਕ ਉਸ ਦਿਨ ਅਸੀਂ ਛੱਤ ਪਾ ਦਿੱਤੀ, ਜਿਸ ਦਿਨ ਜਰਮਨ ਤੇ ਅੰਗਰੇਜ਼ਾਂ ਦੀ ਸੁਲਾਹ ਹੋਈ ਸੀ।

ਇਹ ਲੜਾਈ 28 ਜੁਲਾਈ, 1914 ਈਸਵੀ ਨੂੰ ਲੱਗੀ ਸੀ ਅਤੇ ਇਸ ਲੜਾਈ ਦੀ ਸੁਲ੍ਹਾ ਨਵੰਬਰ 1918 ਈਸਵੀ ਮੁਤਾਬਕ ਕੱਤਕ 1971 ਬਿਕਰਮੀ ਨੂੰ ਹੋਈ ਸੀ। ਇਸ ਸੁਲ੍ਹਾ ਵਾਲੇ ਦਿਨ ਹੀ ਅਸੀਂ ਗੁਰਦੁਆਰੇ ਦੇ ਵੱਡੇ ਹਾਲ ਕਮਰੇ ਤੇ ਛੱਤ ਪਾਈ ਸੀ। ਸਤਿਗੁਰੂ ਜੀ ਦੀ ਕ੍ਰਿਪਾ ਅਤੇ ਮਹਾਂਪੁਰਖਾਂ ਦੀ ਭਾਰੀ ਮਿਹਨਤ ਅਤੇ ਉਤਸ਼ਾਹ ਨਾਲ ਇਹ ਕੰਮ ਬਹੁਤ ਜਲਦੀ ਹੋਇਆ। ਲੱਕੜੀ ਦਾ ਕੰਮ ਭਾਈ ਜਗਤ ਸਿੰਘ,

ਭਾਈ ਜਵਾਹਰ ਸਿੰਘ, ਵਜ਼ੀਰ ਸਿੰਘ ਉਗੋਕੇ ਜ਼ਿਲ੍ਹਾ ਸਿਆਲਕੋਟ ਵਾਲਿਆਂ ਤੇ ਬਾਬਾ ਝੰਡਾ ਸਿੰਘ ਜੀ ਬੇਰ ਬਾਬਾ ਨਾਨਕ ਸਿਆਲਕੋਟ ਵਾਲਿਆਂ ਨੇ ਬੜੇ ਪ੍ਰੇਮ ਨਾਲ ਕੀਤਾ। ਬਾਬਾ ਝੰਡਾ ਸਿੰਘ ਜੀ ਬੜੇ ਸਿਆਣੇ ਮਿਸਤਰੀ ਸਨ, ਜਿਨ੍ਹਾਂ ਮੁਰਾਲੇ ਡੇਰੇ ਦੇ ਪ੍ਰਕਾਸ਼ ਅਸਥਾਨ ਦੀਆਂ ਜੋੜੀਆਂ ਦੀ ਭੀ ਸੇਵਾ ਕੀਤੀ ਸੀ, ਜਿਨ੍ਹਾਂ ਦਾ ਜ਼ਿਕਰ ਪਿੱਛੇ ਕੀਤਾ ਹੈ। ਸੰਤ ਬਾਬਾ ਪ੍ਰੇਮ ਸਿੰਘ ਜੀ ਇਨ੍ਹਾਂ ਚੌਹਾਂ ਮੁੰਡਿਆਂ ਤੇ ਬੜੇ ਖੁਸ਼ ਹੋਏ ਅਤੇ ਥੋੜ੍ਹੇ ਦਿਨ ਪਹਿਲੇ ਹੀ ਕੱਤਕ ਪੂਰਨਮਾਸ਼ੀ ਤੇ ਇਨ੍ਹਾਂ ਨੂੰ ਸਰੋਪੇ ਦਿੱਤੇ ਤੇ ਭਰੇ ਦੀਵਾਨ ਵਿੱਚ ਇਨ੍ਹਾਂ ਦੇ ਦਰਸ਼ਨ ਕਰਾਏ। ਕੁੱਝ ਕੰਮ ਡਿਉਢੀ ਤੇ ਸਾਹਮਣੇ ਦੇ ਕਮਰਿਆਂ ਦਾ ਜਿਹੜਾ ਰਹਿੰਦਾ ਸੀ, ਉਹ ਪਿੱਛੋਂ ਕਰਾਇਆ ਗਿਆ। ਪਲੱਸਤਰ ਤੇ ਰੰਗ ਰੋਗਨ ਦਾ ਕੰਮ ਭੀ ਸਾਰਾ ਮਹਾਂਪੁਰਖਾਂ ਕਰਵਾ ਦਿੱਤਾ। ਇਸ ਤਰ੍ਹਾਂ ਸ੍ਰੀ ਨਨਕਾਣਾ ਸਾਹਿਬ ਦਾ ਬੁੰਗਾ ਬਹੁਤ ਜਲਦੀ ਆਪ ਜੀ ਨੇ ਤਿਆਰ ਕਰਵਾ ਦਿੱਤਾ।

ਇਸ ਬੁੰਗੇ ਦੀ ਸੇਵਾ ਲਈ ਫੌਜੀ ਸਿੰਘਾਂ ਨੇ ਬੜੇ ਖੁੱਲ੍ਹੇ ਦਿਲ ਨਾਲ ਮਾਇਆ ਭੇਜੀ, ਇਸ ਲਈ ਪਿੰਡ ਵਿੱਚ ਉਗਰਾਹੀ ਕਰਨ ਦੀ ਲੋੜ ਨਹੀਂ ਸੀ ਪਈ। ਇਸ ਬੁੰਗੇ ਦੇ ਬਣਨ ਨਾਲ ਭੀ ਲੁਬਾਣਾ ਬਰਾਦਰੀ ਦਾ ਨਾਮ ਬੜਾ ਰੋਸ਼ਨ ਹੋਇਆ।

# ਭਾਈ ਮੱਖਣ ਸ਼ਾਹ ਦੀਆਂ ਗੁਰੂ ਘਰ ਲਈ ਹੋਰ ਸੇਵਾਵਾਂ

ਗਿਆਨੀ ਭਗਤ ਸਿੰਘ ਸ਼ਾਂਤ

## ਗੁਰੂ ਹੁਕਮਾਂ ਤੇ ਭਾਈ ਮੱਖਣ ਸ਼ਾਹ ਵੱਲੋਂ (ਸ੍ਰੀ ਆਨੰਦਪੁਰ ਸਾਹਿਬ) ਚੱਕ ਨਾਨਕੀ ਲਈ ਜ਼ਮੀਨ ਖਰੀਦਣਾ

ਗੁਰੂ ਸਾਹਿਬ, ਭਾਈ ਮੱਖਣ ਸ਼ਾਹ, ਮਾਮਾ ਕ੍ਰਿਪਾਲ ਜੀ ਅਤੇ ਕੁਝ ਅੰਗ ਰੱਖਿਅਕ ਅਤੇ ਸਿੱਖ ਸਤਾਰਵੇਂ ਦੀਆਂ ਰਸਮਾਂ ਪੂਰੀਆਂ ਕਰਨ ਤੋਂ ਬਾਅਦ ਵਾਪਸ ਚੱਲਣ ਲੱਗੇ ਤਾਂ ਗੁਰੂ ਜੀ ਨੇ ਭਾਈ ਮੱਖਣ ਸ਼ਾਹ ਨੂੰ ਹੁਕਮ ਕੀਤਾ ਕਿ ਉਹ ਲੋਧੀ ਪੁਰ, ਮੀਆਂਪੁਰ, ਸਹੋਟਾ ਅਤੇ ਮਾਖੋਵਾਲ ਦੀ ਜ਼ਮੀਨ ਗੁਰੂ ਜੀ ਲਈ ਖਰੀਦ ਕਰੇ ਤਾਂ ਜੋ ਇਥੇ ਨਵਾਂ ਨਗਰ ਵਸਾਇਆ ਜਾ ਸਕੇ। ਇਸ ਦਾ ਵਰਨਣ ਪੰਥ ਪ੍ਰਕਾਸ਼ ਵਿੱਚ ਗਿਆਨੀ ਗਿਆਨ ਸਿੰਘ ਨੇ ਵੀ ਪੰਨਾ 102-103 'ਤੇ ਹੇਠ ਲਿਖੇ ਅਨੁਸਾਰ ਕੀਤਾ ਹੋਇਆ ਹੈ ਕਿ ਜਦੋਂ ਕੀਰਤਪੁਰ ਸੋਢੀ ਗੁਰੂ ਜੀ ਨਾਲ ਈਰਖਾ ਕਰਨ ਲੱਗੇ ਤਾਂ ਉਨ੍ਹਾਂ ਦੇ ਕੋਮਲ ਦਿਲ ਨੇ ਇਹ ਥਾਂ ਖਾਲੀ ਕਰਨ ਅਤੇ ਨਵਾਂ ਨਗਰ ਵਸਾਉਣ ਦਾ ਫੈਸਲਾ ਕੀਤਾ ਸੀ - "**ਰਹਿਣ ਲੱਗਾ ਜਦ ਨਿਤ ਕਲੇਸ਼।**

**ਅਤਿ ਕੋਮਲ ਦਿਲ ਗੁਰੂ ਬਸ਼ੇਸ਼।**<br>
**ਤਿਨ ਤੈ ਕਾ ਇਸ ਸਹੀ ਨਾ ਜਾ।**<br>
**ਸ੍ਰੀਕਨ ਤੇ ਚਾਹਿ ਦੂਰ ਰਹਾਇ।**<br>
**ਮੱਖਣ ਸ਼ਾਹ ਕੋ ਗੁਰੂ ਬੁਲਾਯੋ।**<br>
**ਕ੍ਰਿਪਾਲ ਚੰਦ ਤਿਸ ਸੰਗ ਮਿਲਾਯੋ।**<br>
**ਭੂਪਤ ਦੀਪ ਚੰਦ ਕਹਿਲੂਰੀ।**<br>
**ਪਾਸ ਭੇਜ ਲੈ ਧਰਾ ਜ਼ਰੂਰੀ।**<br>
**ਉਜੜਾ ਪੜਾ ਥਾ ਮਾਖੋਵਾਲ।**<br>
**ਥੀ ਜ਼ਮੀਨ ਤਹਿ ਪੜੀ ਬਿਸਾਲ।**<br>
**ਸੋ ਨ੍ਰਿਪ ਤੇ ਸਭ ਲੈ ਕਰ ਮੋਲ।**



**ਗੁਰੂ ਆਨੰਦਪੁਰ ਠਟਯੋ ਅਮੋਲ।**"

ਗਿਆਨੀ ਹਰਨਾਮ ਸਿੰਘ ਜੀ ਹਿਸਟੋਰੀਅਨ ਲਿਖਦੇ ਹਨ, "ਤਦ ਅੰਤਲੇ ਜੀਵਨ ਵਿੱਚ ਬਾਬਾ ਮੱਖਣ ਸ਼ਾਹ ਜੀ ਗੁਰੂ ਜੀ ਨਾਲ ਸੱਤ ਸਾਲ ਰਹੇ। ਇਸ ਸਮੇਂ ਦੌਰਾਨ ਇਨ੍ਹਾਂ ਨੇ ਗੁਰੂ ਜੀ ਹੋਰਾਂ ਨੂੰ ਸ਼ਰਧਾ ਨਾਲ ਜ਼ਮੀਨ ਮਾਖੋਵਾਲ ਵਾਲੀ ਭੇਟਾ ਕੀਤੀ ਤੇ ਗੁਰੂ ਜੀ ਹੋਰਾਂ ਇਥੇ ਹੀ ਮਾਖੋਵਾਲ ਵਾਲੀ ਜਗ੍ਹਾ 'ਤੇ ਸ੍ਰੀ ਆਨੰਦਪੁਰ ਸਾਹਿਬ ਵਸਾਇਆ, ਜਿਸ ਵਿੱਚ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵੀ ਬਣਿਆ।"

ਇਹ ਵੀ ਇਤਿਹਾਸ ਵਿੱਚ ਆਉਂਦਾ ਹੈ ਕਿ ਜਦੋਂ ਗੁਰੂ ਤੇਗ ਬਹਾਦਰ ਸਾਹਿਬ ਬਿਲਾਸਪੁਰ ਤੋਂ ਚੱਲਣ ਲੱਗੇ ਤਾਂ ਰਾਣੀ ਚੰਪਾ ਨੇ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਉਹ ਕੀਰਤਪੁਰ ਤੋਂ ਬਾਂਗਰ ਦੇਸ਼ ਵਿੱਚ ਜਾ ਕੇ ਡੇਰੇ ਨਾ ਲਾਉਣ ਅਤੇ ਉਸ ਦੀਆਂ ਰਾਜ ਹੱਦਾਂ ਵਿੱਚ ਹੀ ਕਿਤੇ ਰਹਿਣ।

ਰਾਣੀ ਨੂੰ ਪਤਾ ਲੱਗਾ ਕਿ ਗੁਰੂ ਜੀ ਨੂੰ ਮਾਖੋਵਾਲ ਦੀ ਜ਼ਮੀਨ ਪਸੰਦ ਸੀ। ਇਸ ਲਈ ਉਸ ਨੇ ਗੁਰੂ ਜੀ ਨੂੰ ਮਾਖੋਵਾਲ ਦੀ ਜ਼ਮੀਨ ਭੇਟਾ ਕਰਨ ਦੀ ਪੇਸ਼ਕਸ਼ ਕੀਤੀ। ਗੁਰੂ ਜੀ ਨੇ ਰਾਣੀ ਚੰਪਾ ਦਾ ਧੰਨਵਾਦ ਕੀਤਾ ਪ੍ਰੰਤੂ ਉਸ ਨੂੰ ਕਿਹਾ ਕਿ, 'ਜੋ ਸ਼ਹਿਰ ਉਨ੍ਹਾਂ ਵਸਾਉਣਾ ਹੈ ਕਿ ਉਹ ਚਾਹੁੰਦੇ ਹਨ ਕਿ ਉਨ੍ਹਾਂ ਦੀ ਸਿੱਖਾਂ ਦੀ ਸੇਵਾ ਨਾਲ ਖਰੀਦੀ ਜ਼ਮੀਨ 'ਤੇ ਉਸਰੇ।' ਗੁਰੂ ਜੀ ਲਈ ਭਾਈ ਮੱਖਣ ਸ਼ਾਹ ਨੇ ਇਹ ਜ਼ਮੀਨ 2200 ਰੁਪਏ ਦੀ ਖਰੀਦੀ। ਕੁਝ ਇਸ ਜ਼ਮੀਨ ਦਾ ਮੁੱਲ 500 ਰੁਪਏ ਲਿਖਦੇ ਹਨ। ਗੁਰੂ ਜੀ ਨੇ ਇਹ ਜ਼ਮੀਨ ਖਰੀਦ ਕੇ ਰਜਿਸਟਰੀ ਕਰਵਾ ਲਈ। ਕਰਨਲ ਗੁਲਚਰਨ ਸਿੰਘ ਅਨੁਸਾਰ ਕਾਫੀ ਸੇਵਾ ਭਾਈ ਮੱਖਣ ਸ਼ਾਹ ਨੇ ਅਤੇ ਕੁਝ ਸੇਵਾ ਸੰਗਤ ਨੇ ਕੀਤੀ ਅਤੇ ਮਾਖੋਵਾਲ ਦੀ ਜ਼ਮੀਨ ਖਰੀਦੀ।

ਗਜ਼ੇਟੀਅਰ ਆਫ਼ ਹੁਸ਼ਿਆਰਪੁਰ ਜਿਸ ਦੀ ਹੱਦ ਵਿੱਚ ਸ੍ਰੀ ਆਨੰਦਪੁਰ ਸਾਹਿਬ ਦਾ ਨਗਰ ਪਹਿਲਾਂ ਆਉਂਦਾ ਸੀ ਉਸ ਵਿੱਚ ਵੀ ਦਰਜ ਹੈ ਕਿ ਇਹ ਥਾਂ ਬਿਲਾਸਪੁਰ ਦੇ ਰਾਜਾ ਦੀਪ ਚੰਦ ਤੋਂ ਖਰੀਦੀ ਗਈ ਸੀ। ਰਾਜਾ ਦੀਪ ਚੰਦ ਰਾਜਾ ਤਾਰਾ ਚੰਦ ਦਾ ਪੁੱਤਰ ਸੀ ਜੋ ਗਵਾਲੀਅਰ ਦੇ ਕਿਲ੍ਹੇ ਵਿੱਚ ਕੈਦ ਸੀ ਅਤੇ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਜਦੋਂ 52 ਰਾਜਿਆਂ ਨੂੰ ਕਿਲ੍ਹਾ ਗਵਾਲੀਅਰ ਵਿੱਚੋਂ ਛੁਡਵਾਇਆ ਤਾਂ ਉਸ ਨੂੰ ਵੀ ਇਨ੍ਹਾਂ ਵਿੱਚ ਹੀ ਛੁਡਵਾਇਆ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਬਚਿੱਤਰ ਨਾਟਕ ਵਿੱਚ ਲਿਖਿਆ ਹੈ ਕਿ ਭੰਗਾਣੀ ਦੀ ਲੜਾਈ ਜਿੱਤਣ ਉਪਰੰਤ ਆਨੰਦਪੁਰ ਨਗਰ (ਕਿਲ੍ਹਾ ਬਣਾਇਆ)–

**ਦੋਹਿਰਾ-ਯੁੱਧ ਜੀਤ ਆਇ ਜਬੈ ਟਿਕੈ ਨ ਤਿਨ ਪੁਰ ਪਾਂਵ॥**
**ਕਾਹਿਲੂਰ ਮਹਿ ਬਾਂਧਿਓ ਆਨ ਆਨੰਦਪੁਰ ਗਾਂਵ॥**

ਇਹ ਵੀ ਸੰਭਵ ਹੈ ਕਿ ਚੱਕ ਨਾਨਕੀ ਦਾ ਨਾਂ ਹੀ ਸ੍ਰੀ ਆਨੰਦਪੁਰ ਸਾਹਿਬ ਹੈ। ਪਹਿਲਾਂ ਇਹ ਸਥਾਨ ਬਿਲਾਸਪੁਰ ਵਿੱਚ ਹੋਵੇ ਪ੍ਰੰਤੂ ਬਾਅਦ ਵਿੱਚ ਇਹ ਇਲਾਕਾ ਕਹਿਲੂਰ ਵਿੱਚ ਚਲਾ ਗਿਆ ਹੋਵੇ ਜਾਂ ਕੁਝ ਪਿੰਡ ਬਿਲਾਸਪੁਰ ਵਿੱਚ ਅਤੇ ਕੁਝ ਕਹਿਲੂਰ ਵਿੱਚ ਆਉਂਦੇ ਹੋਣ।

ਇਹ ਇਲਾਕਾ ਪਹਿਲਾਂ ਜੰਗਲਾਂ ਨਾਲ ਘਿਰਿਆ ਹੋਇਆ ਸੀ ਅਤੇ ਇਥੋਂ ਕੇਵਲ ਇਕ ਪਗਡੰਡੀ ਲੰਘਦੀ ਸੀ ਜਿਸ ਤੋਂ ਲੰਘਣਾ ਖ਼ਤਰੇ ਤੋਂ ਖਾਲੀ ਨਹੀਂ ਹੁੰਦਾ ਸੀ ਕਿਉਂਕਿ ਮਾਖੋ ਨਾਂ ਦਾ ਇੱਕ ਦੈਂਤ ਜਾਂ ਲੁਟੇਰਾ ਇਥੇ ਰਹਿੰਦਾ ਸੀ ਜੋ ਇਕੱਲਾ ਦੁਕੱਲਾ ਲੰਘਣ ਵਾਲਿਆਂ ਨੂੰ ਮਾਰ-ਮੁਕਾਉਂਦਾ ਸੀ। ਗੁਰੂ ਜੀ ਨੇ ਇਹ ਜ਼ਮੀਨ ਖਰੀਦ ਕਰਵਾ ਕੇ ਪਹਿਲਾਂ ਇਸ ਇਲਾਕੇ ਨੂੰ ਸੁਰੱਖਿਅਤ ਕੀਤਾ ਅਤੇ ਫਿਰ ਚੱਕ ਨਾਨਕੀ (ਆਪਣੀ ਮਾਤਾ ਜੀ ਦੇ ਨਾਂ 'ਤੇ) ਨਗਰ ਵਸਾਉਣਾ ਆਰੰਭ ਕੀਤਾ।

# ਪ੍ਰੇਮ ਸਾਗਰ

**ਮੇਜਰ ਸੰਗਤ ਸਿੰਘ ਬਾਵਾ**
**ਡੀ.ਈ.ਓ. (ਰਿਟਾ.)**

## ਯੋਗੀਰਾਜ ਸੰਤ ਬਾਬਾ ਪ੍ਰੇਮ ਸਿੰਘ ਜੀ ਦਾ ਜੀਵਨ

ਸੰਤ-ਮਹਾਂਪੁਰਸ਼ਾਂ ਦੇ ਇਤਿਹਾਸ ਉੱਤੇ ਕਲਮਾਂ ਘਿਸਦੀਆਂ ਹਨ, ਕੀਮਤੀ ਰਤਨਾਂ ਦਾ ਚਾਨਣ ਮਿਲਦਾ ਹੈ।

ਸੰਤ ਬਾਬਾ ਜੀ ਦਾ ਜੀਵਨ ਲਿਖਣ ਲੱਗਿਆਂ ਕਾਫੀ ਪੁੱਛ-ਪੜਤਾਲ ਦੇ ਮੁਥਾਜ ਹੋਣਾ ਪਿਆ, ਹਾਲਾਂਕਿ ਉਨ੍ਹਾਂ ਦੇ ਸਮਕਾਲੀ ਬਜ਼ੁਰਗਾਂ ਦੇ ਕਾਫੀ ਦਰਸ਼ਨ ਹੋ ਰਹੇ ਹਨ। ਉਨ੍ਹਾਂ ਦੇ ਬੈਰੂਨੀ ਦ੍ਰਿਸ਼ ਤਾਂ ਵਰਨਣ ਹੁੰਦੇ ਹਨ ਪਰ ਅਧੂਰੇ। ਇਸ ਦਾ ਕਾਰਨ ਸ਼ਾਸਤਾ ਖ਼ਿਆਲਾਂ ਨੂੰ ਗੌਲਿਆ ਹੀ ਨਹੀਂ ਗਿਆ। ਹੱਥ ਵਿੱਚ ਚਿੰਤਾਮਣੀ ਹੋਵੇ ਤਾਂ ਪ੍ਰਾਪਤਕਰਤਾ ਨੂੰ ਬੇਪ੍ਰਵਾਹੀ ਜ਼ਰੂਰ ਹੁੰਦੀ ਹੈ। ਉਸ ਤੋਂ ਲਾਭ ਅਵੱਸ਼ ਭਾਵੇਂ ਹੋ ਜਾਵੇ ਪਰ ਵਿਸ਼ੇਸ਼ ਤੌਰ 'ਤੇ ਉਸ ਦਾ ਯਾਦ ਦਾ ਹੀ ਅਫ਼ਸੋਸ ਰਹਿ ਜਾਂਦਾ ਹੈ। ਬੜੀਆਂ ਪੁੱਛਾਂ ਤੋਂ ਬਾਅਦ ਕੁਝ ਕੁ ਜੀਵਨ ਕਿਰਨਾਂ ਪ੍ਰਾਪਤ ਹੋਈਆਂ ਹਨ ਜੋ ਇਨ੍ਹਾਂ ਅਣਜਾਣ ਹੱਥਾਂ ਤੇ ਅਣਜਾਣੀ ਕਲਮ ਨੇ ਸਾਕਾਰ ਕਰਕੇ ਪਾਠਕਾਂ ਦੇ ਦ੍ਰਿਸ਼ਟੀਗੋਚਰ ਕਰਨ ਲਈ ਅਮਰ ਕਹਾਮੀ ਬਣਾਉਣ ਦਾ ਯਤਨ ਕੀਤਾ ਹੈ।

ਮਹਾਂਪੁਰਸ਼ਾਂ ਦੇ ਜੀਵਨ ਕੌਮਾਂ ਦੇ ਅਵੇਸਲੇਪਣ ਵਿਚ ਓਲਝ ਹੋ ਜਾਂਦੇ ਹਨ। ਪੁਰਾਤਨ ਸਮੇਂ ਦੀਆਂ ਦੂਰੀਆਂ ਅੱਖਾਂ ਤੇ ਦਿਲ-ਦਿਮਾਗ਼ ਤੋਂ ਦੂਰ ਹੋ ਕੇ ਅੰਧੇਰੇ ਵਿੱਚ ਲਿਪਟ ਜਾਂਦੀਆਂ ਹਨ ਜਿਹੜੀਆਂ ਮੁੜ ਹੱਥਾਂ ਵਿੱਚ ਆਉਣੀਆਂ ਅਸੰਭਵ ਹੋ ਜਾਂਦੀਆਂ ਹਨ। ਸੱਚਾ-ਸੁੱਚਾ ਜੀਵਨ ਉਹੀ ਹੈ ਜੋ ਸਮੇਂ ਸਿਰ ਕਲਮਬੰਦ ਹੋ ਸਕੇ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਖ਼ਾਲਸਾ ਪੰਥ ਦੀ ਸਾਜਨਾ ਕਰਕੇ ਜਿਥੇ ਧਰਮ ਦੀ ਰੱਖਿਆ ਲਈ ਤਲਵਾਰ ਫੜਾਈ ਤੇ ਬੀਰਰਸ ਬਖ਼ਸ਼ ਕੇ ਜ਼ਾਲਮਾਂ ਤੋਂ ਮਜ਼ਲੂਮਾਂ ਦੀ ਸਹਾਇਤਾ ਲਈ ਯਤਨ ਕੀਤਾ, ਉਥੇ ਇਸ ਜਿਸਮਾਨੀ ਤਾਕਤ ਦੇ ਨਾਲ ਰੂਹਾਨੀਅਤ ਦੀ ਵੀ ਬਖ਼ਸ਼ਿਸ਼ ਕੀਤੀ। ਇਕ ਹੱਥ ਮਾਲਾ ਅਤੇ ਮਾਲਾ ਦੀ ਰੱਖਿਆ ਲਈ ਸ੍ਰੀ ਸਾਹਿਬ।

ਜਿਸਮ ਦੀ ਰੱਖਿਆ, ਆਤਮਿਕ ਰੱਖਿਆ ਹੈ। ਸੰਤ ਅਤੇ ਸਿਪਾਹੀ, ਸ਼ਾਂਤ ਅਤੇ ਬੀਰ-ਰਸ ਦੋਨੋਂ ਹੀ ਮਨੁੱਖ ਲਈ ਲੁੜੀਂਦੀਆਂ ਹਨ। ਦੋਨੋਂ ਹੀ ਸਤਿਗੁਰ ਜੀ ਨੇ ਗੁਰਸਿੱਖਾਂ ਨੂੰ ਪ੍ਰਦਾਨ ਕੀਤੀਆਂ ਹਨ।

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਮੀਰੀ ਅਤੇ ਪੀਰੀ ਦੀਆਂ ਦੋ ਤਲਵਾਰਾਂ ਧਾਰਨ ਕੀਤੀਆਂ ਜੋ ਜਿਸਮਾਨੀ ਅਤੇ ਰੂਹਾਨੀਅਤ ਦੀਆਂ ਲਖਾਇਕ ਹਨ। ਇਨ੍ਹਾਂ ਦੋਹਾਂ ਪਹਿਲੂਆਂ ਤੋਂ ਗੁਰੂ ਜੀ ਨੇ ਖ਼ਾਲਸੇ ਨੂੰ ਬਲਵਾਨ ਬਣਾਇਆ।

ਪ੍ਰਮਾਰਥਿਕ ਸਿੱਧੀ ਲਈ, ਆਤਮਕ ਬਲ ਦੀ ਲੋੜ ਹੈ ਅਤੇ ਬਲਵਾਨ ਆਤਮਾ ਹੀ ਉੱਚ ਆਦਰਸ਼, ਸੁਚੱਜੇ ਧਰਮ ਨਿਯਮ ਅਨੁਸਾਰ ਉੱਚ ਅਸੂਲ ਕਾਇਮ ਕਰਦੀ ਹੈ। ਉਨ੍ਹਾਂ ਅਸੂਲਾਂ ਦੀ ਰੱਖਿਆ ਵਾਸਤੇ ਬਲਵਾਨ ਤੇ ਅਣਖੀਲੇ ਸਰੀਰ ਦੀ ਲੋੜ ਹੈ ਜਾਂ ਇਉਂ ਕਹੀਏ ਕਿ ਸ਼ਾਂਤ-ਰਸ ਦੀ ਪ੍ਰਾਪਤੀ ਲਈ ਬੀਰਰਸ ਦੀ ਬਹੁਤ ਆਵੱਸ਼ਕਤਾ ਹੈ। ਇਨ੍ਹਾਂ ਦੋਹਾਂ ਚੀਜ਼ਾਂ ਨੂੰ ਮਨੁੱਖਾਂ ਵਿਚੋਂ ਉੱਚ ਆਦਰਸ਼ੀ ਮਨੁੱਖ 'ਖ਼ਾਲਸੇ' ਨੂੰ ਇਕ ਹੱਥ ਮਾਲਾ, ਇਕ ਹੱਥ ਸਿਰੀ ਸਾਹਿਬ ਪ੍ਰਦਾਨ ਕਰਕੇ ਬੀਰਰਸ ਤੇ ਸ਼ਾਂਤ-ਰਸ ਨੂੰ ਇਕ ਮੁਜੱਸਮ ਧੁਰਾ ਕਾਇਮ ਕਰਕੇ 'ਲੋਕ ਸੁਖੀ ਪ੍ਰਲੋਕ ਸੁਹੇਲਾ' ਹੋਣ ਦਾ ਮਾਣ ਬਖ਼ਸ਼ਿਆ ਤਾਂ ਕਿ 'ਭੈ ਕਾਹੂ ਕੋ ਦੇਤ ਨਹਿ, ਨਹਿ ਭੈ ਮਾਨਤ ਆਨ'

ਇਉਂ ਖ਼ਾਲਸਾ ਮੇਰੋ ਰੂਪ ਹੈ ਖ਼ਾਸ ਕਰ ਦਿੱਤਾ ਤਾਂ ਕਿ ਇਹ ਜਿੱਥੇ ਗਰੀਬਾਂ ਤੇ ਅਨਾਥਾਂ ਦੀ ਰੱਖਿਆ ਕਰੇ ਤੇ ਜ਼ਾਲਮਾਂ ਨੂੰ ਸਿੱਧੇ ਰਸਤੇ ਲਿਆਉਣ ਲਈ ਸੋਧ ਕਰੇ ਉੱਥੇ ਪ੍ਰਤੱਖ ਪਗਡੰਡੀਆਂ ਨੂੰ ਸਾਫ਼ ਕਰਦਾ ਹੋਇਆ ਸਰੀਰਕ ਰੱਖਿਆ ਕਰੇ ਅਤੇ ਆਤਮਿਕ ਸਿੱਖਿਆ ਵੀ ਦੇਵੇ।

ਵਾਹਿਗੁਰੂ ਜੀ ਨਾਲੋਂ ਵਿਛੜੀਆਂ ਆਤਮਾ ਵਿਸ਼ੇ ਵਿਕਾਰ, ਬਾਝ ਮਨੁੱਖਤਾ, ਕਾਮ-ਕ੍ਰੋਧ ਆਦਿ ਆਸੁਰੀ ਸੰਪੱਤੀ ਦੀ ਪ੍ਰਜ੍ਵਲਤ ਅਗਨੀ ਵਿਚ ਸੜਦੀਆਂ ਆਤਮਾਵਾਂ ਨੂੰ ਸ਼ਾਂਤੀ ਪ੍ਰਦਾਨ ਕਰੇ।

**ਇਤਿਹਾਸ** - ਇਤਿਹਾਸਕ ਵਰਕੇ ਗਵਾਹੀ ਦਿੰਦੇ ਹਨ ਕਿ ਗੁਜ਼ਰ ਗਏ ਸਮੇਂ ਦੇ ਤਕਰੀਬਨ ਢਾਈ-ਤਿੰਨ ਸੌ ਸਾਲ ਖ਼ਾਲਸਾ ਜੀ ਨੇ ਕਿਸ ਖ਼ੂਬੀ ਨਾਲ ਨਿਭਾਏ, ਸੰਸਾਰ ਭਰ ਦਾ ਇਤਿਹਾਸ ਉਸ ਦੀ ਉਦਾਹਰਨ ਪੇਸ਼ ਕਰਨ ਤੋਂ ਅਸਮਰੱਥ ਹੈ ਪਰ ਸ਼ੋਕ ਇਸ ਗੱਲ ਦਾ ਹੈ ਕਿ ਖ਼ਾਲਸਾ ਪੰਥ ਨੇ ਦੇਸ਼ ਰੱਖਿਆ ਵਾਸਤੇ ਵਾਹੀ ਤੇਗ਼ ਤੇ ਅਨਾਥਾਂ ਲਈ ਕੀਤੀਆਂ ਕੁਰਬਾਨੀਆਂ ਅਤੇ ਪਰਜਾ ਦੀ ਇੱਜ਼ਤ ਹੁਰਮਤ ਲਈ ਡੋਲ੍ਹੇ ਖ਼ੂਨ ਦੇ ਕਾਰਨਾਮੇ ਸਾਡੀ ਅਵੇਸਲਤਾ ਦੇ ਕਾਰਨ ਹੀ ਜਨਤਾ ਦੀਆਂ ਸਿਮਰਤੀਆਂ ਵਿਚੋਂ ਖਤਮ ਹੋ ਗਏ ਅਤੇ ਹੋ ਰਹੇ ਹਨ।

ਜਿਵੇਂ ਕਿ ਰਾਜਸੀ ਪਹਿਲੂ ਦਾ ਇਤਿਹਾਸ, ਪੰਥਕ ਘਾਲਾਂ ਅਤੇ ਕੁਰਬਾਨੀਆਂ ਨੇ ਜੋ ਮੱਲਾਂ ਮਾਰੀਆਂ, ਦਾ ਇਤਿਹਾਸ ਰੁਲ ਰਿਹਾ ਹੈ ਤਿਵੇਂ ਹੀ ਸਿੱਖ, ਸਾਧੂਆਂ, ਸੰਤਾਂ, ਅਭਿਆਸੀਆਂ ਗੁਰਮੁਖ ਮਹਾਂਪੁਰਸ਼ਾਂ ਦੀਆਂ ਜੀਵਨੀਆਂ (ਕਾਫੀ ਅਜਿਹੀਆਂ ਜ਼ਿੰਦਗੀਆਂ ਹੋ ਗੁਜ਼ਰੀਆਂ ਹਨ ਜਿਨ੍ਹਾਂ ਦੇ ਨਾਂਅ ਅੰਮ੍ਰਿਤ ਵੇਲੇ ਲੈਣ ਦੇ ਯੋਗ ਹਨ, ਜਿਨ੍ਹਾਂ ਦੇ ਕਾਰਨਾਮੇ ਜਨਤਾ ਲਈ ਅਤਿ ਲਾਭਦਾਇਕ ਸਨ ਜੋ ਗੁੰਮ ਹੋ ਚੁੱਕੇ ਹਨ ਜਾਂ ਗੁੰਮ ਹੁੰਦੇ ਜਾ ਰਹੇ ਹਨ, ਭੁਲਦੇ ਜਾ ਰਹੇ ਹਨ, ਜੋ ਕਦੀ ਵਾ ਯਾਦ ਨਹੀਂ ਰਹਿਣਗੇ।) ਜਿਵੇਂ ਕਿ ਭਾਈ ਪੁਣਛੂ ਜੀ ਗੁਜਰਖਾਨੀ ਹੋ ਗੁਜ਼ਰੇ ਹਨ। ਉਨ੍ਹਾਂ ਦਾ ਕੋਈ ਕਿਸੇ ਨੂੰ ਪਤਾ ਨਹੀਂ। ਬਾਬਾ ਅਮੀਰ ਸਿੰਘ ਜੀ, ਬਾਬਾ ਬਿਸ਼ਨ ਸਿੰਘ ਜੀ ਵੱਡੀ ਉੱਚ ਕਰਨੀਆਂ ਦੇ ਮਾਲਕ ਸਨ ਪਰ ਉਨ੍ਹਾਂ ਦੇ ਜੀਵਨ ਸਾਥੋਂ ਬੇਸਿਮਰਤ ਹੋ ਚੁੱਕੇ ਹਨ - ਅਸੀਂ ਭਾਵੇਂ ਸ਼ਰਧਾ ਦੇ ਤੌਰ 'ਤੇ ਕੁਝ ਸੁਣਦੇ ਹਾਂ ਪਰ ਕਲਮਬੰਦ ਨਹੀਂ ਕਰਦੇ। ਬਾਬਾ ਸੁੰਦਰ ਸਿੰਘ ਜੀ ਅਲੀ ਬੇਗ ਵਾਲੇ ਜਿਨ੍ਹਾਂ ਲਈ ਅੰਮ੍ਰਿਤ ਵੇਲੇ ਉਠਦਿਆਂ ਹੀ ਸ਼ਰਧਾਲੂ ਧੰਨ-ਧੰਨ ਬਾਬਾ ਸੁੰਦਰ ਸਿੰਘ ਜੀ ਕਹਿੰਦੇ ਹਨ, ਗਿ: ਗੁਰਬਚਨ ਸਿੰਘ ਜੀ ਭਿੰਡਰਾਂ ਵਾਲਿਆਂ ਦੇ ਜੀਵਨ ਇਸੇ ਹੀ ਢਿੱਲ ਕਾਰਨ ਦਿਨ-ਬ-ਦਿਨ ਸਾਥੋਂ ਦੂਰ ਹੁੰਦੇ ਜਾ ਰਹੇ ਹਨ। ਸਮੇਂ ਸਿਰ ਕਲਮ ਨੇ ਹਰਕਤ ਨਹੀਂ ਕੀਤੀ। ਸ੍ਰੋਤਾਂ ਦੀ ਜ਼ਿੰਦਗੀ ਨੂੰ ਦੂਰੀ ਦੀ ਰਾਤ ਸਮਾਪਤ ਕਰ ਦਿੰਦੀ ਹੈ ਜਾਂ ਉਹ ਮੁਬਾਲਗਾ ਤੇ ਮੁਗਾਲਤੇ ਦਾ ਰੂਪ ਹੋ ਜਾਂਦੀਆਂ ਹਨ। ਸਮੇਂ ਸਿਰ ਦਾ ਅੰਕਿਤ ਜੀਵਨ ਇਨ੍ਹਾਂ ਤਿੰਨਾਂ ਗੱਲਾਂ ਤੋਂ ਬਚਿਆ ਰਹਿੰਦਾ ਹੈ। ਜਿਹੜੇ ਹਾਲਾਤ ਕਲਮ ਹੇਠਾਂ ਆ ਗਏ, ਉਹ ਜਗਿਆਸੂਆਂ, ਸਾਧੂਆਂ ਸ਼ਰਧਾਲੂਆਂ ਅਤੇ ਬਾਲਕ-ਬਿਰਧ ਲਈ ਚਾਨਣ ਮੁਨਾਰਾ ਬਣ ਜਾਂਦੇ ਹਨ। ਇਸ ਲਈ ਉਨ੍ਹਾਂ ਪਾਵਨ ਜੀਵਨੀਆਂ ਨੂੰ ਜਿੰਦਾ ਰੱਖਣਾ ਕਲਮਬੰਦ ਕਰਨਾ ਇਤਿਹਾਸ ਕਹਾਉਂਦਾ ਹੈ। ਇਤਿਹਾਸ ਕੌਮ ਤੇ ਦੇਸ਼ ਦੀ ਜਿੰਦ-ਜਾਨ ਹੁੰਦਾ ਹੈ ਰੀੜ੍ਹ ਦੀ ਹੱਡੀ ਹੁੰਦੀ ਹੈ। ਜਿਹੜਾ ਜੀਵਨ ਇਤਿਹਾਸ ਤਾਜ਼ਾ ਸਮੇਂ ਦਾ ਕਲਮਬੰਦ ਹੁੰਦਾ ਹੈ, ਉਹ ਸੱਚਾ-ਸੁੱਚਾ ਨਵਾਂ ਨਰੋਆ ਬਲਵਾਨ ਹੁੰਦਾ ਹੈ। ਉਹ ਸੰਸਾਰ ਤੋਂ ਕਦੇ ਅਦ੍ਰਿਸ਼ਟ ਨਹੀਂ ਹੁੰਦਾ ਅਤੇ ਆਪਣੀ ਕੌਮ ਨੂੰ ਨਿੱਤ ਨਵਾਂ ਚਾਨਣ ਦਿੰਦਾ ਰਹਿੰਦਾ ਹੈ। ਕਿਸੇ ਫਾਰਸੀ ਦੇ ਸ਼ਾਇਰ ਨੇ ਕਿਹਾ ਸੋਹਣਾ ਮਿਸਰਾ ਆਖਿਆ ਹੈ :

**ਤਾਜ਼ਾ ਖਾਹੀ ਦਾਸਤਾਨ, ਗ਼ਰ ਦਾਗ਼ ਰਾਇ ਸੀਨਾ ਰਾ।**

**ਗ਼ਾਹਿ ਗ਼ਾਹਿ ਬਾਜ਼ ਖ਼ਾਂ ਈਂ ਵਰਕਾਇ ਪਾਰੀਨਾ ਰਾ।**

ਅਰਥਾਤ

ਜੇਕਰ ਤੂੰ ਸੀਨੇ ਦੇ ਦਾਗ਼ਾਂ ਨੂੰ ਤਾਜ਼ਾ ਰੱਖਣਾ ਚਾਹੁੰਦਾ ਹੈਂ ਤਾਂ ਪਾਟੇ ਹੋਏ ਇਤਿਹਾਸਕ ਪੱਤਰਿਆਂ ਨੂੰ ਮੁੜ-ਮੁੜ ਕੇ ਪੜ੍ਹ :

**ਬਾਝੋਂ ਜਿਸ ਦੇ ਕੌਮ ਨਿਰੀ ਲੋਥ ਹੁੰਦੀ,**
**ਤਿਸ ਦੇ ਛੁਪਣ ਤੇ ਮਜ਼੍ਹਬ ਉਦਾਸ ਹੁੰਦਾ।**
**ਜਿਸ ਨੂੰ ਕੌਮ ਦੀ ਜ਼ਿੰਦਗੀ ਆਖਦੇ ਨੇ,**
**ਸੱਚ ਪੁੱਛੋ ਤਾਂ ਉਹ ਇਤਿਹਾਸ ਹੁੰਦਾ।**

ਇਤਿਹਾਸ ਕੌਮਾਂ ਲਈ ਰੋਸ਼ਨ ਮੀਨਾਰ ਹੋ ਕੇ ਕੌਮਾਂ ਦੀ ਅਗਵਾਈ ਕਰਦਾ ਹੈ। ਪਿਛੋਕੜ ਦਾ ਚਾਨਣ ਦੱਸ ਕੇ 'ਅਗਾਂਹ ਕੂੰ ਤ੍ਰਾਂਘ' ਦਾ ਉਪਰਾਲਾ ਕਰਦਾ ਹੈ। ਇਸ ਤੋਂ ਬਿਨਾਂ ਕੌਮਾਂ ਸੁਚੱਜੇ ਜੀਵਨ ਤੋਂ ਖਾਲੀ ਅਤੇ ਭਵਿੱਖਤ ਕਾਲਾ ਹੁੰਦਾ ਹੈ, ਉੱਨਤੀ ਤਾਂ ਦਰਕਿਨਾਰ ਹੈ, ਜਾਗਣਾ ਵੀ ਅਸੰਭਵ ਹੈ। ਇਤਿਹਾਸ ਦੱਸਦਾ ਹੈ ਕਿ ਤੇਰੇ ਤੋਂ ਪਹਿਲਾਂ ਇਉਂ ਹੋਇਆ। ਤੁਹਾਡੀ ਹਾਲਤ ਇਹ ਸੀ ਤੇ ਇਸ ਤਰ੍ਹਾਂ ਤੇਰੇ ਵਡੇਰਿਆਂ ਨੇ ਕੀਤਾ ਅਤੇ ਹੁਣ ਤੇਰੀ ਵਾਰੀ ਹੈ।

ਇਤਿਹਾਸ ਦੀ ਸਮੇਂ ਦੀ ਯਾਦ ਜੋ ਸੁਚੱਜੀ ਕਲਮ ਅੰਦਰ ਆ ਗਈ ਹੋਵੇ, ਸਮੇਂ ਨੂੰ ਤਾਜ਼ਾ ਰੱਖਦੀ ਹੈ। ਅਸੀਂ ਇਸ ਗੱਲ ਨੂੰ ਸਪੱਸ਼ਟ ਕਰਨ ਲਈ ਪਾਠਕਾਂ ਨੂੰ ਬਾਬਾ ਪ੍ਰੇਮ ਸਿੰਘ ਜੀ ਮੁਰਾਲੇ ਵਾਲਿਆਂ ਦੀ ਯਾਦ ਸਦਾ ਤਾਜ਼ਾ ਰੱਖਣ ਲਈ ਅਤੇ ਉਨ੍ਹਾਂ ਜੋ ਕਰਨੀ ਕਰਕੇ ਆਪਣੀ ਕੌਮ ਨੂੰ ਜ਼ਿੰਦਾ ਰੱਖਣ ਲਈ, ਅੱਗੇ ਵਧਣ ਲਈ ਜੋ ਪ੍ਰੇਰਨਾ ਦਿੱਤੀ ਹੈ, ਉਨ੍ਹਾਂ ਦੀਆਂ ਕਰਨੀਆਂ-ਰਹਿਣੀਆਂ ਦਾ ਸ਼ੀਸ਼ਾ ਸਾਹਮਣੇ ਕਰਨ ਦਾ ਨਿਮਾਣਾ ਯਤਨ ਕੀਤਾ ਹੈ।

ਉਮੀਦ ਹੈ ਕਿ ਇਸ ਮਿਹਨਤ ਦੁਆਰਾ ਉਨ੍ਹਾਂ ਦੀ ਘਾਲਣਾ, ਪ੍ਰਮਾਰਥ ਅਤੇ ਪ੍ਰੇਰਨਾ ਆਪ ਪਾਠਕਾਂ ਨੂੰ ਸਦਾ ਟੁੰਬਦੀ ਰਹੇਗੀ।

## ਮਾਂ ਬੋਲੀ ਪੰਜਾਬੀ ਜੇ ਭੁੱਲ ਜਾਵੋਗੇ ਕੱਖਾਂ ਵਾਂਗੂ ਰੁੱਲ ਜਾਵੋਗੇ

# ਮੇਰਾ ਬਚਪਨ ਤੇ ਪ੍ਰਾਇਮਰੀ ਸਕੂਲ



**ਸੁਰਿੰਦਰ ਸਿੰਘ ਰੂਬੀ**
**ਆਬਕਾਰੀ ਤੇ ਕਰ ਅਫ਼ਸਰ**
(ਸੇਵਾ ਮੁਕਤ)
**ਸਹਿ-ਸੰਪਾਦਕ**
**98141-28181**




ਜਦੋਂ ਬਚਪਨ ਵਿਚ ਪਿੰਡ ਦੇ ਸਕੂਲ ਵਿਚ ਪ੍ਰਾਇਮਰੀ ਲਈ ਦਾਖਲ ਹੋਏ ਬੜੇ ਚਾਅ ਤੇ ਮਲਾਰ ਸਨ। ਘਰ ਹੀ ਕੱਪੜੇ ਦਾ ਸੀਤਾ ਹੋਇਆ ਝੋਲਾ, ਪਹਿਲਾਂ ਖਾਲੀ ਤੇ ਫਿਰ ਸਿਰਫ਼ ਇਕ ਕੈਦਾ ਫਿਰ ਸਲੇਟ ਤੇ ਫਿਰ ਲੱਕੜੀ ਦੀ ਫੱਟੀ ਨਾਲ ਰਲ ਗਈ। ਕਤਾਰਾਂ ਵਿਚ ਖੜ੍ਹੇ ਹੋ ਕੇ ਪਹਿਲਾਂ ੳ, ਅ ਤੇ ਫਿਰ ਇਕ ਦੋ ਤਿੰਨ ਉੱਚੀ-ਉੱਚੀ ਰੋਲਾ ਪਾ ਕੇ ਹੇਕਾਂ ਨਾਲ ਗਾਉਣਾ। ਫਿਰ ਪਹਾੜੇ ਰਲ ਗਏ। ਸਵੇਰੇ ਸਕੂਲ ਦੀ ਪਰੇਅਰ ਤੋਂ ਪਹਿਲਾਂ ਹੀ ਸਾਰੀ ਜਮਾਤ ਨੇ ਦੋ ਹਿੱਸਿਆਂ ਵਿਚ ਖਲੋ ਕੇ ਉੱਚੀ-ਉੱਚੀ ਪਹਾੜੇ ਬੋਲ ਕੇ ਪਿੰਡ ਤੱਕ ਅਵਾਜ਼ ਪਹੁੰਚਾਉਣੀ। ਲੈਅ ਵਿਚ ਸਿੱਖੇ ਪਹਾੜੇ ਕਦੀ ਤਰਤੀਬ ਤੋਂ ਬਾਹਰ ਕਿਸੇ ਵੱਲੋਂ ਪੁੱਛੇ ਜਾਣ ਤਾਂ ਭੁੱਲ ਜਾਣਾ ਕਿਉਂਕਿ ਉਹ ਤਾਂ ਕਾਵਿਕ ਰੂਪ ਵਿਚ ਲੈਅ ਵਿਚ ਹੀ ਉਤਰਦੇ ਸੀ। ਪਹਾੜੇ ਨੂੰ ਮੁੱਢੋਂ ਬੋਲ ਕੇ ਪੁੱਛੇ ਗਏ ਹਿੰਦਸੇ ਤੱਕ ਪਹੁੰਚ ਕੇ ਅਸਾਨੀ ਨਾਲ ਉੱਤਰ ਦੱਸ ਦੇਣਾ। ਹਾਂ, ਥੋੜ੍ਹਾ ਸਮਾਂ ਵੱਧ ਲੱਗਦਾ ਸੀ। ਕੈਦੇ ਵਿਚ ਅੱਖਰਾਂ ਤੋਂ ਜ਼ਿਆਦਾ ਛਪੀਆਂ ਫੋਟੋਆਂ ਤੋਂ ਹੀ ਅੰਦਾਜ਼ਾ ਲਾ ਕੇ ਬੋਲਣਾ ਕਿ ਅੱਖਰ ਕਾਹਦੀ ਅਵਾਜ਼ ਦੇਂਦਾ ਹੈ। ਪ੍ਰਚੱਲਤ ਦੇਸੀ ਨਾਵਾਂ ਤੋਂ ਬਾਹਰ ਜਾ ਕੇ ਮਾਸਟਰ ਜੀ ਦੁਆਰਾ ਦੱਸੇ ਸ਼ਬਦ ਤੇ ਸ਼ੱਕ ਹੀ ਰਹਿਣਾ ਪਰ ਮਾਸਟਰ ਜੀ ਠੀਕ ਹੀ ਹੋਣੇ ਨੇ ਦਾ ਯਕੀਨ ਨਾਂ ਹੋਣ ਤੇ ਵੀ ਉਹਨੂੰ ਮੰਨਣਾ ਪੈਣਾ ਤੇ ਹੌਲੀ-ਹੌਲੀ ਉਸੇ ਤਰ੍ਹਾਂ ਦਾ ਅਭਿਆਸ ਹੋ ਜਾਣਾ। ਪਹਿਲਾਂ ਛੋਟੀਆਂ ਜਮਾਤਾਂ ਵਿਚ ਇਕਹਿਰੇ ਪਹਾੜੇ ਤੇ ਫਿਰ ਹੌਲੀ-ਹੌਲੀ ਦੋਹਰੇ ਪਹਾੜੇ ਵੀ ਕਹਾਉਣੇ ਸ਼ੁਰੂ ਕਰਨੇ। ਇਕ ਦੂਣੀ ਦੂਣੀ, ਦੋ ਦੂਣੀ ਚਾਰ ਤੋਂ ਲੈ ਕੇ ਉਨੀ ਵੀਹ ਤੱਕ ਦੇ ਪਹਾੜੇ ਉੱਚੀ-ਉੱਚੀ ਸੰਘ ਪਾੜਵੀਂ ਆਵਾਜ਼ ਵਿਚ ਬੋਲਣੇ। ਸਲੇਟ ਤੇ ਲਿਖਾਈ ਵੀ ਲਿਖਣੀ ਤੇ ਪਹਾੜੇ ਤੇ ਸਵਾਲ ਵੀ ਕੱਢਣੇ। ਸਲੇਟ ਸਾਫ਼ ਕਰਨ ਲਈ ਕੋਈ ਕੱਪੜਾਂ ਜਾਂ ਡਸਟਰ ਨਹੀਂ ਹੁੰਦਾ ਸੀ। ਸਲੇਟ ਤੇ ਆਪਣਾ ਥੁੱਕ ਸੁੱਟ ਕੇ ਮੁੱਠੀ ਨਾਲ ਜਾਂ ਕੂਹਣੀ ਤੱਕ ਦੀ ਬਾਂਹ ਨਾਲ ਸਲੇਟ ਸਾਫ਼ ਕਰਨੀ ਜਾਂ ਝੱਗੇ ਦਾ ਅਗਲਾ ਹਿੱਸਾ ਹੀ ਵਰਤ ਲੈਣਾ। ਲੱਕੜੀ ਦੀ ਫੱਟੀ ਤੇ ਗਾਚੀ ਲਗਾ ਕੇ ਗਿੱਲੀ ਫੱਟੀ ਨੂੰ ਹਿਲਾ ਕੇ ਸੁਕਾਉਣ ਲਈ ਹੱਥ ਵਿਚ ਫੜ ਕੇ ਫੱਟੀ ਨੂੰ ਹਵਾ ਵਿਚ ਗੋਲ ਘੁਮਾਉਣਾ ਤੇ ਨਾਲੇ ਗਾਉਣਾ

**"ਸੂਰਜਾ ਸੂਰਜਾ ਫੱਟੀ ਸੁਕਾ, ਨਹੀਂ ਸੁਕਾਉਣੀ ਤਾਂ ਮੰਦਰੇ ਜਾ"।**

ਫੱਟੀ ਸੁਕਾ ਕੇ, ਮਾਸਟਰ ਜਾਂ ਭੈਣ ਜੀ ਪਾਸੋਂ ਪੈਂਸਲ ਨਾਲ ਸਿੱਧੀਆਂ ਲਾਇਨਾਂ ਪਵਾ ਕੇ ਪੂਰਨੇ ਪੁਆਉਣੇ ਤੇ ਫਿਰ ਉਹਨਾਂ ਦੇ ਉੱਤੇ-ਉੱਤੇ ਇਕ ਪਾਸੇ ੳ, ਅ ਤੇ ਦੂਜੇ ਪਾਸੇ ਇਕ ਦੋ ਦੀ ਗਿਣਤੀ ਕਾਨ੍ਹੇ ਦੀ ਕਲਮ ਨਾਲ ਸਿਆਹੀ ਦੇ ਡੋਕੇ ਲੈ ਲੈ ਲਿਖਣੀ। ਸਿਆਹੀ ਵਾਲੀ ਦਵਾਤ ਅਤੇ ਕਾਨੇ ਦੀ ਕਲਮ, ਬਸਤੇ ਦਾ ਜ਼ਰੂਰੀ ਹਿੱਸਾ ਬਣ ਗਈ। ਦਵਾਤ ਦੀ ਸਿਆਹੀ ਵੱਗ ਵੱਗ ਕੇ ਬਸਤੇ ਤੇ ਕਾਲੇ ਧੱਬੇ ਲੱਗੇ ਰਹਿਣੇ। ਦਵਾਤ ਦਾ ਰਬੜ ਦਾ ਢੱਕਣ ਢਿੱਲਾ ਹੋ ਜਾਣ ਤੇ ਆਪੇ ਮਕੈਨਕੀ ਕਰਨੀ। ਰਬੜ ਦੇ ਢੱਕਣ ਨੂੰ ਘਰੇ ਮਿੱਟੀ ਦੇ ਤੇਲ ਵਿਚ ਭਿਉਂ ਕੇ ਰੱਖਣਾ, ਅਗਲੇ ਦਿਨ ਤੱਕ ਉਸ ਨੇ ਫੂਲ ਜਾਣਾ ਤੇ ਦਵਾਤ ਤੇ ਪੂਰਾ ਆ ਜਾਣਾ। ਸਿਆਹੀ ਮੁੱਕ ਜਾਣ ਤੇ ਜਾਂ ਡੁੱਲ ਜਾਣ ਤੇ ਨਾਲ ਦੇ ਆੜੀ ਕੋਲੋਂ ਤਰਲੇ ਪਾ ਕੇ ਡੋਕੇ ਮੰਗਣੇ ਤੇ ਕਹਿਣਾ ਕੱਲ ਨੂੰ ਤੂੰ ਮੇਰੇ ਕੋਲੋਂ ਡੋਕੇ ਲੈ ਕੇ ਫੱਟੀ ਲਿਖ ਲਵੀਂ। ਕਿਸੇ ਹੋਰ ਦਾ ਗਿੱਲੀ ਲਿਖਾਈ ਤੇ ਹੱਥ ਲੱਗਣ ਨਾਲ ਜਾਂ ਕੋਈ ਕੱਪੜਾ ਛੂਹ ਜਾਣ ਤੇ ਲਿਖਾਈ ਖਰਾਬ ਹੋ ਜਾਣੀ ਤਾਂ ਰੋ-ਰੋ ਕੇ ਮਾਸਟਰ ਜੀ ਜਾਂ ਭੈਣ ਜੀ ਨੂੰ ਸ਼ਿਕਾਇਤ ਕਰਨੀ। ਮਾਸਟਰ ਜੀ ਨੇ ਉਸ ਦੇ ਇਕ ਲਗਾ ਦੇਣੀ ਤਾਂ ਮਨ ਨੂੰ ਬੜੀ ਤਸੱਲੀ ਹੋਣੀ। ਸਾਡੇ ਬਚਪਨ ਵਿਚ ਮੇਰੇ ਪਿੰਡ ਦਾ ਸਰਕਾਰੀ ਸਕੂਲ ਸਿਰਫ਼ ਅੱਠਵੀਂ ਤੱਕ ਹੀ ਸੀ। ਦੂਜਾ ਸਕੂਲ ਖ਼ਾਲਸਾ ਸਕੂਲ ਸੀ ਪ੍ਰੰਤੂ ਉਹ ਛੇਵੀਂ ਜਮਾਤ ਤੋਂ ਸ਼ੁਰੂ ਹੁੰਦਾ ਸੀ। ਸਕੂਲ ਵਿਚ ਸਿਰਫ਼ 4 ਕਮਰੇ ਸੀ ਜੋ ਛੇਵੀਂ ਤੋਂ ਅੱਠਵੀਂ ਕਲਾਸ ਲਈ ਹੀ ਸਨ। ਪ੍ਰਾਇਮਰੀ ਦੀਆਂ ਕਲਾਸਾਂ ਬਾਹਰ ਖੁੱਲ੍ਹੇ ਵਿਚ ਗਰਾਊਂਡ ਵਿਚ ਹੀ ਲੱਗਦੀਆਂ ਸੀ। ਕਮਰਿਆਂ ਦੇ ਸਾਹਮਣੇ ਇਕ ਬਰਨੇ ਦਾ ਅਤੇ ਇਕ ਪਿੱਪਲ ਦਾ ਵੱਡਾ ਰੁੱਖ ਸੀ ਪ੍ਰੰਤੂ ਗਰਾਉਂਡ ਵਿਚ ਦੂਰ ਜਾ ਕੇ ਸਿਰਫ਼ ਇਕ ਵੱਡਾ ਕਿੱਕਰ ਦਾ ਦਰੱਖਤ ਹੀ ਸੀ। ਗਰਾਊਂਡ ਦੇ ਚਾਰੇ ਪਾਸੇ ਖੇਤ ਸਨ। ਪਹਾੜ ਵਾਲੇ ਪਾਸੇ ਤੇ ਖੇਤ ਉੱਚੇ ਸੀ ਤੇ ਉਸ ਉੱਚੀ ਦੀਵਾਰ ਨੁਮੀ ਬੰਨੀ ਦੇ ਨਾਲ-ਨਾਲ ਕਤਾਰ ਵਿਚ ਕਲਾਸਾਂ ਲੱਗਦੀਆਂ ਸਨ। ਹਰ ਕਲਾਸ ਦੇ ਬੱਚਿਆਂ ਨੇ ਆਪਣੀ-ਆਪਣੀ ਕਲਾਸ ਦੀ ਹੱਦ ਨੂੰ ਮਿੱਟੀ ਦੀ ਵਟੀਰੀ ਬਣਾ ਕੇ ਹੱਦਬੰਦੀ ਕੀਤੀ ਹੁੰਦੀ ਸੀ। ਦਾਖਲੇ ਵਾਲੇ ਪਾਸੇ ਤੋਂ ਰਸਤਾ ਛੱਡ ਕੇ ਦੋਨੋਂ ਸਿਰਿਆਂ ਤੇ ਗੋਲਾਈਆਂ ਬਣਾ ਕੇ ਫੁੱਲ ਬਨਾਉਂਦੇ ਸੀ। ਅੰਦਰਲਾ ਸਾਰਾ ਥਾਂ ਮਿੱਟੀ ਅਤੇ ਗੋਹੇ ਦੀ ਰਲੀ ਹੋਈ ਗੋਤੀ ਬਣਾ ਕੇ ਉਥੇ ਫੇਰ ਕੇ ਸਫ਼ਾਈ ਕੀਤੀ ਹੁੰਦੀ ਸੀ। ਵਟੀਰੀ ਤੇ ਚੀਕਣੀ ਚਿੱਟੀ ਮਿੱਟੀ ਜਿਸ ਨੂੰ ਪੋਚਾ ਕਹਿੰਦੇ ਸੀ, ਵਿਚ



ਸਿਆਹੀ ਜਾਂ ਨੀਲ ਰੰਗ ਰਲਾ ਕੇ ਰੰਗ ਕਰਦੇ ਸੀ। ਬੈਠਣ ਲਈ ਕੋਈ ਟਾਟ ਜਾਂ ਬੈਂਚਾਂ ਦਾ ਕੋਈ ਪ੍ਰਬੰਧ ਨਹੀਂ ਹੁੰਦਾ ਸੀ। ਸਾਰੇ ਬੱਚੇ ਆਪਣੇ-ਆਪਣੇ ਘਰਾਂ ਤੋਂ ਬੋਰੀਆਂ ਲੈ ਕੇ ਆਉਂਦੇ ਸੀ। ਤਰਤੀਬ ਨਾਲ ਬੋਰੀਆਂ ਵਿਛਾ ਕੇ ਸਾਰੇ ਬੈਠਦੇ ਸੀ। ਸਕੂਲ ਦੀ ਗਰਾਊਂਡ ਦੀ ਉੱਚੀ ਬੰਨੀ ਤੇ ਖੇਤਾਂ ਤੋਂ ਵੱਖਰੇਵਾਂ ਕਰਨ ਲਈ ਕੱਚੇ ਕਾਨਿਆਂ ਦੇ ਨਾੜ ਬੀਜੇ ਹੋਏ ਹੁੰਦੇ ਸੀ ਜਾਂ ਉਹ ਆਪ ਹੀ ਉੱਗੇ ਹੋਏ ਹੁੰਦੇ ਸਨ ਪ੍ਰੰਤੂ ਸਾਡੇ ਔਖੇ ਵੇਲੇ ਜਦੋਂ ਕਲਮ ਘੜਣ ਲਈ ਪੱਕਾ ਕਾਨ੍ਹਾ ਨਾਂ ਮਿਲਣ ਤੇ ਕੱਚੇ ਨਾੜ ਦੀ ਕਲਮ ਘੜ ਕੇ ਫੱਟੀ ਲਿਖਣ ਦੇ ਕੰਮ ਜ਼ਰੂਰ ਆਉਂਦਾ ਸੀ।

ਪਾਣੀ ਪੀਣ ਜਾਂ ਪਿਸ਼ਾਬ ਕਰਨ ਜਾਣ ਲਈ ਇਕ ਉਂਗਲ ਅੱਗੇ ਕਰਕੇ ਮਾਸਟਰ ਜੀ ਤੋਂ ਇਕ ਨੰਬਰ ਜਾਣ ਦੀ ਆਗਿਆ ਲੈਣੀ। ਨਾਂ ਕੋਈ ਵਰਦੀ ਸੀ ਤੇ ਨਾ ਹੀ ਕੋਈ ਬੂਟ। ਸਾਰੇ ਮੁੰਡੇ ਕੁੜੀਆਂ ਆਪਣੇ ਘਰ ਵਿਚ ਪਾਉਣ ਵਾਲੇ ਕੱਪੜੇ ਪਾ ਕੇ ਸਕੂਲੇ ਆ ਜਾਂਦੇ ਸੀ। ਕਿਸੇ ਵਿਰਲੇ ਦਾ ਹੀ ਸਿਰ ਕੰਘੀ ਕੀਤਾ ਹੁੰਦਾ ਸੀ। ਜਿਨ੍ਹਾਂ ਬੱਚਿਆਂ ਦੇ ਪਿਉ ਫੌਜ ਵਿਚ ਨੌਕਰੀ ਕਰਦੇ ਸੀ, ਉਹ ਵੱਖਰੇ ਪਛਾਣੇ ਜਾਂਦੇ ਸੀ। ਸਿਰ ਵਾਹ ਕੇ ਉੱਤੇ ਜੂੜੇ ਤੇ ਰੁਮਾਲ ਪਾ ਕੇ, ਥੋੜ੍ਹੇ ਸਾਫ਼ ਕੱਪੜਿਆਂ ਵਾਲੇ ਸਿਰਫ਼ ਉਹ ਹੀ ਹੁੰਦੇ ਸਨ। ਖੇਤੀ ਕਰਨ ਵਾਲੇ ਪਰਿਵਾਰਾਂ ਦੇ ਬੱਚੇ ਉਵੇਂ ਹੀ ਲਿਬੜੇ ਤਿਬੜੇ ਸਕੂਲੇ ਆ ਜਾਂਦੇ ਸੀ। ਸ਼ਾਇਦ ਘਰ ਵਿਚ ਖੇਤੀ ਅਤੇ ਪਸ਼ੂਆਂ ਦੇ ਕੰਮ ਕਾਜ ਵਿਚ ਪਰਿਵਾਰ ਦਾ ਹੱਥ ਵਟਾਉਣ ਕਰਕੇ ਜਾਂ ਘਰ ਦੀ ਸੁਆਣੀ ਦਾ ਇਹਨਾਂ ਕੰਮਾਂ ਵਿਚ ਜ਼ਿਆਦਾ ਰੁੱਝੇ ਹੋਣ ਕਰਕੇ।

ਲੜਾਈ ਹੋਣ ਤੇ ਤੈਨੂੰ ਸਾਰੀ ਛੁੱਟੀ ਵੇਖਾਂਗਾ ਦਾ ਲਲਕਾਰਾ ਮਾਰਨਾ। ਦੋਸਤਾਂ ਦੇ ਗਰੁੱਪ ਨਾਲ ਵਿਰੋਧੀ ਨੂੰ ਰਾਹ ਵਿਚ ਘੇਰਨਾ। ਦੋਨੋਂ ਪਾਸਿਆਂ ਤੋਂ ਫੱਟੀਆਂ ਨੂੰ ਹਥਿਆਰ ਵਾਂਗੂੰ ਵਰਤਣਾ। ਰੌਲਾ ਜ਼ਿਆਦਾ ਹੋਣਾ ਪਰ ਸੱਟ ਇਕ ਦੂਜੇ ਨੂੰ ਬਚਾਅ ਕੇ ਹੀ ਮਾਰਨੀ। ਸਕੂਲੋਂ ਪਈ ਮਾਰ ਜਾਂ ਰਸਤੇ ਵਿਚ ਹੋਈ ਲੜਾਈ ਦਾ ਕਦੇ ਵੀ ਕਿਸੇ ਨੇ ਘਰ ਜਾ ਕੇ ਨਹੀਂ ਦੱਸਿਆ ਸੀ। ਮਾਸਟਰ ਵੀ ਕਾਲੇ ਚੋਰ ਜਿੰਨਾ ਕੁੱਟਦੇ ਸੀ। ਦੋਨਾਂ ਉਂਗਲਾਂ ਵਿਚ ਪੈਨਸਿਲ ਫਸਾ ਕੇ ਜਦੋਂ ਮਾਸਟਰ ਜੀ ਨੇ ਹੱਥ ਘੁੱਟਣਾ ਤੇ ਚੀਕਾਂ ਨਿਕਲ ਜਾਣੀਆਂ। ਇਕ ਲੱਤ ਉੱਤੇ ਚੁੱਕ ਕੇ ਮਰ ਗਿਆ, ਮਰ ਗਿਆ ਦੀਆਂ ਅਵਾਜ਼ਾਂ ਕੱਢਣੀਆਂ। ਛੁੱਟੀ ਹੋਣ ਵੇਲੇ ਰੋਲਾ ਪਾਉਂਦੇ, ਕਿਲਕਾਰੀਆਂ ਮਾਰਦੇ ਘਰਾਂ ਨੂੰ ਦੌੜ ਜਾਣਾ ਕਿਸੇ ਨੂੰ ਪਈ ਮਾਰ ਯਾਦ ਨਾ ਰਹਿਣੀ। ਕਿਸੇ ਨੇ ਕਿਸੇ ਦੂਜੇ ਦੇ ਘਰ ਵੀ ਮਾਰ ਦੀ ਗੱਲ ਨਾ ਦੱਸਣੀ। ਨਲਾਇਕ ਜਾਂ ਹੁਸ਼ਿਆਰ ਦੀ ਮਾਰ ਲਈ ਕਿਸੇ ਨਾ ਕਿਸੇ ਕਾਰਨ ਵਾਰੀ ਆ ਹੀ ਜਾਂਦੀ ਸੀ। ਅਸੀਂ ਪੜ੍ਹਾਈ ਵਿਚ ਚੰਗੇ ਸੀ ਪ੍ਰੰਤੂ ਮਾਸਟਰ ਜੀ ਵੱਲੋਂ ਵਾਰ-ਵਾਰ ਕਹਿਣਾ ਕਿ "ਤੁਹਾਨੂੰ ਸੂਈ ਦੇ ਨੱਕੇ ਵਿਚੋਂ ਲੰਘਾ ਦਿਆਂਗਾ" ਬਾਰੇ ਸੋਚ ਸੋਚ ਕੇ ਕੰਬੀ ਜਾਣਾ ਕਿ ਸੂਈ ਦਾ ਨੱਕਾ ਤਾਂ ਬਹੁਤ ਛੋਟਾ ਹੁੰਦਾ ਹੈ ਕਿਵੇਂ ਲੰਘਾਂਗੇ?

ਅੱਧੀ ਛੁੱਟੀ ਵੇਲੇ ਜਾਂ ਸਵੇਰੇ ਸਕੂਲ ਲੱਗਣ ਤੋਂ ਪਹਿਲਾਂ ਛੂਹਣ ਛੁਹਾਈ, ਕੋਟਲਾ ਛਪਾਕੀ, ਗੁੱਲੀ ਡੰਡਾ, ਅੱਖਾਂ ਬੰਨ ਕੇ ਛੂਹਣ ਛੁਹਾਈ ਖੇਡਣਾ। ਸ਼ੈਤਾਨੀਆਂ ਕਰ ਕਰ ਕੇ ਹੱਸ ਹੱਸ ਦੂਹਰੇ ਹੋਈ ਜਾਣਾ। ਕਈ ਮੁੰਡਿਆਂ ਕੋਲ ਚਾਰ ਕੁ ਇੰਚ ਦੇ ਪੁਰਾਣੇ ਬੈਰਿੰਗ ਤੋਂ ਲੈ ਕੇ ਸਾਇਕਲ ਦੇ ਚੱਕੇ ਦੇ ਰਿਮ ਦੇ ਰੇਹੜੇ ਹੋਣੇ। ਛੋਟੇ ਰੇਹੜੇ ਨੂੰ ਇਕ ਲੋਹੇ ਦੀ ਤਾਰ ਦੇ ਹੇਠਲੇ ਹਿੱਸੇ ਵਿਚ ਬਣਾਏ ਯੂ ਨਾਲ ਫਸਾ ਕੇ ਹੱਥ ਵਿਚ ਉਪਰੋਂ ਤਾਰ ਫੜ ਕੇ ਧੱਕ ਕੇ ਨਾਲ-ਨਾਲ ਦੌੜਣਾ ਅਤੇ ਵੱਡੇ ਪਹੀਏ ਜਾਂ ਰਿਮ ਵਿਚ ਇਕ ਛੋਟਾ ਜਿਹਾ ਡੰਡਾ ਫਸਾ ਕੇ ਧੱਕ ਕੇ ਨਾਲ-ਨਾਲ ਦੌੜਨਾ ਜਿੰਨਾ ਕੋਲ ਇਹ ਰੇਹੜੇ ਹੁੰਦੇ ਸੀ ਉਹਨਾਂ ਦੀ ਸ਼ਾਨ ਹੀ ਵੱਖਰੀ ਹੁੰਦੀ ਸੀ। ਰੇਹੜੇ ਚਲਾਉਣ ਲਈ ਉਸ ਮੁੰਡੇ ਕੋਲੋਂ ਮੰਗਣਾ ਤੇ ਫਿਰ ਗਰਾਊਂਡ ਦੇ ਤਿੰਨ ਚਾਰ ਚੱਕਰ ਉਸ ਦੇ ਨਾਲ-ਨਾਲ ਤਰਲੇ ਮਾਰਦੇ ਦੌੜਦੇ ਰਹਿਣਾ। ਫਿਰ ਉਸ ਵੱਲੋਂ 'ਇਕ ਹੀ ਚੱਕਰ ਲਈ ਦਵਾਂਗਾ' ਕਹਿਣ ਤੇ ਰੇਹੜੇ ਲੈ ਕੇ ਚਲਾਉਣਾ। ਜਿਨ੍ਹਾਂ ਦੇ ਘਰਾਂ ਵਿਚ ਪੁਰਾਣੀ ਸਾਇਕਲ ਜਾਂ ਬੈਰੰਗ ਨੁਮਾ ਰੇਹੜਾ ਦਾ ਕਿਸੇ ਤਰ੍ਹਾਂ ਜੁਗਾੜ ਹੋ ਜਾਂਦਾ ਸੀ। ਉਨ੍ਹਾਂ ਦੀਆਂ ਕਿਆ ਬਾਤਾਂ ਸਨ। ਸਾਡੇ ਵਰਗਿਆਂ ਕੋਲ ਜਿਹਨਾਂ ਕੋਲ ਇਹ ਜੁਗਾੜ ਨਹੀਂ ਸੀ ਅਸੀਂ ਸਾਇਕਲ ਦਾ ਪੁਰਾਣਾ ਟਾਇਰ ਲੈ ਕੇ ਉਸ ਨੂੰ ਡੰਡੇ ਨਾਲ ਕੁੱਟ ਕੁੱਟ ਕੇ ਰੇੜ ਕੇ ਚਲਾਉਣਾ। ਛੁੱਟੀ ਤੋਂ ਬਾਅਦ ਕੱਚੀਆਂ ਗਲੀਆਂ ਜਿਨ੍ਹਾਂ ਦੇ ਵਿਚਕਾਰ ਨਾਲੀਆਂ ਹੁੰਦੀਆਂ ਸਨ ਉਥੇ ਵੀ ਬਿਨਾਂ ਪ੍ਰਵਾਹ ਦੇ ਗਿੱਲਾ ਸੁੱਕਾ ਚਲਾਉਂਦੇ ਹੀ ਰਹਿਣਾ।

ਸਿਆਲਾਂ ਦੀਆਂ ਧੁੰਧਾਂ ਵਿਚ ਪਰਾਲੀ ਜਾਂ ਨਿੱਕ ਸੁੱਕ ਇਕੱਠਾ ਕਰਕੇ ਧੂਣੀ ਬਾਲ ਕੇ ਸੇਕਣੀ। ਠੰਡ ਹੋਣ ਤੇ ਕੋਈ ਬਹੁਤੇ ਗਰਮ ਕੱਪੜੇ ਤਾਂ ਨਹੀਂ ਝੱਗੇ ਦੋ ਤਿੰਨ ਹੇਠਾਂ ਉੱਤੇ ਪਾ ਲੈਣੇ। ਸਾਰੇ ਸਕੂਲ ਦਾ ਪਾਣੀ ਪੀਣ ਦਾ ਸਾਧਨ ਇਕੋ ਇਕ ਨਲਕਾ ਜਿਸ ਦਾ ਬੋਰ ਵੀ ਬਹੁਤਾ ਡੂੰਘਾ ਨਹੀਂ ਸੀ ਹੁੰਦਾ। ਮਾਸਟਰ ਭੈਣਜੀਆਂ ਵੀ ਉਥੋਂ ਹੀ ਪਾਣੀ ਪੀਂਦੇ। ਕਿਸੇ ਨੂੰ ਪੇਟ ਜਾਂ ਕੋਈ ਹੋਰ ਬੀਮਾਰੀ ਨੇ ਕਦੀ ਛੂਹਿਆ ਵੀ ਨਹੀਂ ਸੀ। ਮਾਸਟਰ ਜੀ ਦਾ ਸਾਇਕਲ ਦੂਰੋਂ ਆਉਂਦਾ ਵੇਖ ਕੇ ਭੱਜ ਕੇ ਅੱਗੋਂ ਜਾ ਕੇ ਖੇਤਾਂ ਦੀ ਡੰਡੀ ਤੇ ਹੀ ਜਾ ਮਿਲਣਾ। ਕੁਝ ਦੂਰ ਤੱਕ ਮਾਸਟਰ ਜੀ ਦੇ ਸਾਇਕਲ ਦੇ ਨਾਲ-ਨਾਲ ਦੌੜਨਾ ਫਿਰ ਮਾਸਟਰ ਜੀ ਨੇ ਵੀ ਸਾਇਕਲ ਰੋਕ ਥੱਲੇ ਉਤਰ ਕੇ ਨਾਲ-ਨਾਲ ਪੈਦਲ ਤੁਰਨਾ ਤੇ ਕਹਿਣਾ "ਤੁਹਾਨੂੰ ਮੈਂ ਕਿੰਨੀ ਵਾਰ ਕਿਹਾ ਤੁਸੀਂ ਅੱਗੋਂ ਨਾਂ ਆਇਆ ਕਰੋ।" ਪ੍ਰੰਤੂ ਅਸੀਂ ਨਾ ਹਟਣਾ। ਅਗਲੇ ਦਿਨ ਫਿਰ ਦੌੜ ਪੈਣਾ। ਬੜਾ ਡਰ ਤੇ ਇੱਜ਼ਤ ਸੀ ਉਸਤਾਦਾਂ ਦੀ। ਛੁਟੀ ਵਾਲੇ ਦਿਨ ਪਿੰਡ ਦੀ ਕਿਸੇ ਗਲੀ ਵਿਚ ਮਾਸਟਰ ਜੀ ਦਿਸ ਪੈਣੇ ਤਾਂ ਭੱਜ ਕੇ ਗਲੀ ਬਦਲ ਲੈਣੀ ਜਾਂ ਪਿੱਛੇ ਹੀ ਮੁੜ ਜਾਣਾ। ਕੋਈ ਡਰ ਨਹੀਂ ਸੀ ਪ੍ਰੰਤੂ ਇੱਜ਼ਤ ਸਤਿਕਾਰ ਦਾ ਪੱਧਰ ਹੀ ਬੜਾ ਉੱਚੀ ਹੁੰਦਾ ਸੀ। ਨਤੀਜੇ ਵਾਲੇ ਦਿਨ ਮੁੱਖ ਅਧਿਆਪਕ ਜੀ ਨੇ ਸਿਰਫ਼ ਇਕ ਦੋ ਫੇਲ੍ਹ ਵਿਦਿਆਰਥੀਆਂ ਦੇ ਨਾਮ ਬੋਲਣੇ ਬਾਕੀ ਸਾਰੀ ਕਲਾਸ ਪਾਸ ਕਹਿੰਦਿਆਂ ਹੀ ਕਿਲਕਾਰੀਆਂ ਮਾਰਦੇ ਘਰਾਂ ਨੂੰ ਦੌੜ ਆਉਣਾ ਤੇ ਅਗਲੀ ਕਲਾਸ ਲਈ ਪੁਰਾਣੀਆਂ ਕਿਤਾਬਾਂ ਲੈਣ ਲਈ ਪਾਸ ਹੋਏ ਮੁੰਡਿਆਂ ਕੁੜੀਆਂ ਦੇ ਘਰ ਚੱਕਰ ਮਾਰਨੇ ਸ਼ੁਰੂ ਕਰ ਦੇਣੇ। ਪਾਸ ਹੋਇਆਂ ਵੱਲੋਂ ਪੁਰਾਣੀਆਂ ਕਿਤਾਬਾਂ ਦੇ ਪੈਸੇ ਲੈਣ ਦਾ ਰਿਵਾਜ਼ ਨਹੀਂ ਸੀ।

ਬਹੁਤੀਆਂ ਕਿਤਾਬਾਂਤਾਂ ਆਪਣੇ ਸ਼ਰੀਕੇ ਜਾਂ ਚਾਚੇ ਤਾਏ ਦੇ ਬੱਚਿਆਂ ਕੋਲੋਂ ਹੀ ਮਿਲ ਜਾਂਦੀਆਂ ਸਨ। ਅਧਿਆਪਕਾ ਦਾ ਬਹੁਤ ਸਤਿਕਾਰ ਸੀ। ਅਧਿਆਪਕ ਵੀ ਹਰ ਵਿਦਿਆਰਥੀ ਸੰਬੰਧੀ ਜਾਤੀ ਤੌਰ 'ਤੇ ਗਿਆਨ ਰੱਖਦੇ ਸੀ ਤੇ ਕਮੀ ਹੋਣ ਤੇ ਚਿੰਤਾ ਜ਼ਾਹਿਰ ਕਰਦੇ ਸੀ। ਬਿਨਾਂ ਵਾਧੂ ਪੈਸੇ ਲੈ ਕੇ ਵਾਧੂ ਸਮਾਂ ਪੜ੍ਹਾ ਵੀ ਦਿੰਦੇ ਸੀ। ਇਹੋ ਕਾਰਨ ਸੀ ਕਿ ਮੇਰੇ ਨਾਲ ਮੁੱਢਲੀ ਪੜ੍ਹਾਈ ਸ਼ੁਰੂ ਕਰਨ ਵੇਲੇ ਮੇਰੇ ਕਈ ਜਮਾਤੀ ਆਪਣੀ ਜ਼ਿੰਦਗੀ ਵਿਚ ਆਪਣੀ-ਆਪਣੀ ਜਗ੍ਹਾ ਤੇ ਬੜੇ ਕਾਮਯਾਬ ਹੋਏ। ਕਈ ਫੌਜ ਵਿਚ ਚਲੇ ਗਏ, ਕਈ ਅਧਿਆਪਕ, ਇੰਜੀਨੀਅਰ, ਡਾਕਟਰ ਤੇ ਸਿਵਲ ਅਫ਼ਸਰ ਵੀ ਬਣੇ। ਜਦੋਂ ਕਦੇ ਮਿਲਦੇ ਹਾਂ ਤਾਂ ਪ੍ਰਾਇਮਰੀ ਸਕੂਲ ਦਾ ਉਹ ਸਮਾਂ ਜ਼ਰੂਰ ਯਾਦ ਆਉਂਦਾ ਹੈ।

# ਕੱਤਕ ਮਹੀਨੇ ਦੀ ਸੰਗਰਾਂਦ ਅਤੇ ਅਕਤੂਬਰ ਮਹੀਨੇ ਦੀਆਂ ਗਤੀਵਿਧੀਆਂ ਦੀ ਰਿਪੋਰਟ

## ਬਾਬਾ ਮੱਖਣ ਸ਼ਾਹ ਲੁਬਾਣਾ ਫ਼ਾਊਂਡੇਸ਼ਨ (ਰਜਿ:) ਸੈਕਟਰ 30-ਏ, ਚੰਡੀਗੜ੍ਹ



ਸ. ਗੁਰਚਰਨ ਸਿੰਘ,
ਸੀਨੀਅਰ ਵਾਇਸ ਪ੍ਰਧਾਨ



ਪਰਮ ਸਤਿਕਾਰਯੋਗ ਮੈਂਬਰ ਸਾਹਿਬਾਨ,

"ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ"

1. **ਫਾਊਂਡੇਸ਼ਨ ਦੀ ਆਮਦਨ ਅਤੇ ਖਰਚੇ ਦਾ ਵੇਰਵਾ** - ਅਕਤੂਬਰ ਮਹੀਨੇ ਦੌਰਾਨ ਫਾਊਂਡੇਸ਼ਨ ਦੀ ਆਮਦਨ ਅਤੇ ਖਰਚੇ ਦਾ ਵੇਰਵਾ ਜੋ ਕਿ ਵਿੱਤ ਸਕੱਤਰ ਨੇ ਤਿਆਰ ਕੀਤਾ ਗਿਆ ਹੈ, ਹੇਠ ਲਿਖੇ ਅਨੁਸਾਰ ਹੈ।

ਸਤੰਬਰ ਦੇ ਮਹੀਨੇ ਵਿੱਚ ਕੁੱਲ ਆਮਦਨ– 483803/–ਰੁਪਏ

ਸਤੰਬਰ ਦੇ ਮਹੀਨੇ ਦਾ ਕੁੱਲ ਖਰਚਾ–440537/–ਰੁਪਏ

2. **ਮੇਨ ਆਡੀਟੋਰੀਅਮ** - ਮੇਨ ਆਡੀਟੋਰੀਅਮ ਦੇ ਪਹਿਲੇ ਪੜਾਅ ਦੀ ਸਮਾਪਤੀ ਤੇ ਉਪਰੰਤ ਦੂਜਾ ਪੜਾਅ ਸ਼ੁਰੂ ਕਰਨ ਵਾਸਤੇ ਮਾਨਯੋਗ ਪ੍ਰਧਾਨ ਜੀ ਵਲੋਂ ਕਮੇਟੀ ਜੋ ਬਣਾਈ ਗਈ ਹੈ ਉਹ ਇਸ ਦੂਜੇ ਪੜਾਅ ਦੇ ਕੰਮ ਨੂੰ ਵਿਚਾਰ ਰਹੀ ਹੈ ਅਤੇ ਉਮੀਦ ਹੈ ਕਿ ਇਹ ਕੰਮ ਜਲਦੀ ਸ਼ੁਰੂ ਕਰਕੇ ਨੇਪਰੇ ਚਾੜ੍ਹਿਆ ਜਾਵੇਗਾ।

ਇਸ ਕੰਮ ਵਿਚ ਖਾਸ ਤੌਰ ਤੇ ਮੇਨ ਆਡੀਟੋਰੀਅਮ ਦੇ ਦਰਵਾਜ਼ਿਆਂ ਨੂੰ ਡਬਲ ਦਰਵਾਜ਼ੇ ਲਾ ਕੇ ਅਤੇ ਇਸ ਨੂੰ ਧਵਨੀ ਮੁਕਤ ਕਰਕੇ ਲਾਉਣਾ ਹੈ ਅਤੇ ਬਾਕੀ ਛੱਤ ਦੀ ਜੋ ਮੁਰੰਮਤ ਲੋੜੀਂਦੀਆਂ ਸ਼ੀਟਾਂ ਲਾ ਕੇ ਕਰਨੀ ਹੈ, ਨਾਲ ਹੀ ਸਟੇਜ਼ ਜੋ ਵੀ ਆਵਾਜ਼ ਤੇ ਹਵਾ ਨੂੰ ਠੰਡਾ ਕਰਨਗੀਆਂ, ਉਹਨਾਂ ਦੀ ਮੁਰੰਮਤ ਕਰਨੀ ਹੈ ।

3. **ਐਜੂਕੇਸ਼ਨ ਪਾਲਿਸੀ, ਐਜੂਕੇਸ਼ਨ ਪ੍ਰਮੋਸ਼ਨ ਅਤੇ ਸਕਾਲਰਸ਼ਿਪ ਕਮੇਟੀ** - ਐਜੂਕੇਸ਼ਨ ਪਾਲਿਸੀ, ਐਜੂਕੇਸ਼ਨ ਪ੍ਰਮੋਸ਼ਨ

ਅਤੇ ਸਕਾਲਰਸ਼ਿਪ ਪਾਲਿਸੀ ਬਾਰੇ ਮੈਂਬਰਾਂ ਦੇ ਘੱਟ ਹੀ ਸੁਝਾਅ ਆਏ ਹਨ। ਕਿਰਪਾ ਕਰਕੇ ਮੈਂਬਰ ਇਸ ਕੰਮ ਵਿੱਚ ਵਧੇਰੇ ਰੁਚੀ ਦਿਖਾਉਣ ਤਾਂ ਕਿ ਇਹ ਪ੍ਰੋਜੈਕਟ ਸਹੀ ਤਰੀਕੇ ਨਾਲ ਪੂਰਾ ਸਿਰੇ ਚੜ੍ਹ ਸਕੇ।

4. **ਵਿਦਿਆਰਥੀਆਂ ਨੂੰ ਵਜ਼ੀਫੇ ਦੇਣ ਬਾਰੇ** - ਵਿਦਿਆਰਥੀ ਨੂੰ ਵਜ਼ੀਫੇ ਦੇਣ ਲਈ ਫਾਰਮ ਜੋ ਕਿ ਜੁਲਾਈ ਅਤੇ ਅਗਸਤ 2022 ਵਿੱਚ ਛਾਪੇ ਗਏ ਸਨ ਅਤੇ ਲੋੜਮੰਦ ਤੇ ਲਾਇਕ ਬੱਚਿਆਂ ਦੇ ਫਾਰਮਾਂ ਦੀ ਮੰਗ ਫਾਊਂਡੇਸ਼ਨ ਵੱਲੋਂ 20 ਸਤੰਬਰ ਤੱਕ ਮੰਗੇ ਗਏ ਸਨ। ਪ੍ਰੰਤੂ ਇਸ ਸੰਬਧ ਵਿੱਚ ਜ਼ਿਆਦਾ ਲੋੜੀਂਦੇ ਫਾਰਮ ਅਜੇ ਤੱਕ ਨਹੀਂ ਆਏ। ਇਸ ਲਈ ਹੁਣ ਫਾਰਮਾਂ ਦੀ ਤਰੀਕ ਇਸ ਫਾਊਂਡੇਸ਼ਨ ਦੇ ਚੰਡੀਗੜ੍ਹ ਦਫਤਰ ਵਿੱਚ 30-11-2022 ਭੇਜੇ ਜਾਣ ਜੀ ।ਇਸ ਦੇ ਤੁਰੰਤ ਬਾਅਦ ਵਜ਼ੀਫਾ ਕਮੇਟੀ ਫੈਸਲਾ ਲੈ ਕੇ ਅਗਲੇਰੀ ਕਾਰਵਾਈ ਤਹਿਤ ਵਜ਼ੀਫੇ ਯੋਗ ਬੱਚਿਆ ਨੂੰ ਦੇ ਦਿੱਤੇ ਜਾਣਗੇ।

5. **ਕੱਤਕ ਮਹੀਨੇ ਦੀ ਸੰਗਰਾਂਦ** - ਕੱਤਕ ਮਹੀਨੇ ਦੀ ਸੰਗਰਾਂਦ ਮਿਤੀ 17.10.2022 ਨੂੰ ਭਵਨ ਦੇ ਗੁਰੂ ਘਰ ਵਿੱਚ ਪਿਛਲੇ ਸਮੇਂ ਨਾਲੋਂ ਕੁੱਝ ਸੰਗਤਾਂ ਵਿੱਚ ਵਾਧਾ ਹੋਇਆ ਹੈ। ਮੈਨੇਜਮੈਂਟ ਦੀ ਅਪੀਲ ਅਤੇ ਬੇਨਤੀ ਤੇ ਸੰਗਤਾਂ ਨੂੰ ਆਉਣਾ ਚਾਹੀਦਾ ਹੈ, ਖਾਸ ਤੌਰ ਤੇ ਚੰਡੀਗੜ੍ਹ, ਮੋਹਾਲੀ ਅਤੇ ਪੰਚਕੁਲਾ ਦੀ ਸੰਗਤ ਨੂੰ ਹਾਜ਼ਰੀ ਸੰਗਰਾਂਦ ਵਾਲੇ ਦਿਨ ਲਗਵਾਉਣੀ ਚਾਹੀਦੀ ਹੈ ਇਸ ਲਈ ਗੁਰੂ ਘਰ ਦੇ ਪ੍ਰਧਾਨ ਅਤੇ ਹੋਰ ਮੈਂਬਰ ਉਪਰਾਲਾ ਵੀ ਕਰਦੇ ਹਨ ਕਿ ਗੁਰੂ ਮਹਾਰਾਜ ਜੀ ਦੀ ਕ੍ਰਿਪਾ ਅਤੇ ਅਸੀਸਾਂ ਸੰਗਤ ਲਵੇ ਅਤੇ ਇਕੱਠੇ ਹੋ ਕੇ ਚੰਗੀ ਸੋਚ ਨਾਲ ਮਿਲਣ ਵਰਤਣ ਕਰਕੇ ਫਾਊਂਡੇਸ਼ਨ ਦੀ ਚੜ੍ਹਦੀ ਕਲਾ ਦੇ ਭਾਗੀ ਬਣੇ। ਹਰ ਸੰਗਰਾਂਦ ਦੇ ਦਿਨ ਸਹਿਜ ਪਾਠ ਦਾ ਪ੍ਰਾਰੰਭ ਕੀਤਾ ਜਾਂਦਾ ਹੈ ਅਤੇ ਅਗਲੀ ਸੰਗਰਾਂਦ ਨੂੰ ਸੰਪੂਰਤਾ ਦੇ ਭੋਗ ਪਾਏ ਜਾਂਦੇ ਹਨ ਅਤੇ ਉਪਰੰਤ ਕੀਰਤਨ ਦਰਬਾਰ ਅਰਦਾਸ ਕਰਕੇ ਅਰਦਾਸ ਨਾਲ ਸਮਾਪਤੀ ਕੀਤੀ ਜਾਂਦੀ ਹੈ। ਗੁਰੂ ਦਾ ਲੰਗਰ ਵੀ ਅਤੁੱਟ ਵਰਤਾਇਆ ਜਾਂਦਾ ਹੈ ।

6. **ਫਾਇਰ ਫਾਈਟਿੰਗ ਦੀ ਐਨ.ਓ.ਸੀ. ਬਾਰੇ** - ਭਾਈ ਮਨੀ ਸਿੰਘ ਬਲਾਕ ਦੀ ਫਾਇਰ ਫਾਈਟਿੰਗ ਦੀ ਐਨ.ਓ.ਸੀ. ਲੈਣ ਲਈ ਨਿਰਧਾਰਤਾ ਫੀਸ ਜਮਾ ਕਰਾ ਕੇ ਅਤੇ ਆਨਲਾਈਨ ਅਰਜੀ ਫਾਇਰ ਮਹਿਕਮੇ ਨੂੰ ਦਿੱਤੀ ਸੀ ਅਤੇ ਉਪਰੰਤ ਉਹਨਾਂ ਵਲੋਂ ਇਨਸਪੈਕਸ਼ਨ ਕੀਤੀ ਗਈ। ਕੁੱਝ ਸਮੇਂ ਨਾਲ ਫਿਟਿੰਗਜ ਹੋਰ ਦੱਸਿਆ ਗਈਆਂ ਹਨ ਜਿਨ੍ਹਾਂ ਦਾ ਔਸਤਨ ਖਰਚਾ ਲਗਭਗ 60,000/- (ਸੱਠ ਹਜ਼ਾਰ) ਰੁਪਏ ਹੈ। ਇਸ ਕੰਮ ਨੂੰ ਪੂਰਾ ਕਰਨ ਲਈ ਇੰਜ: ਹਰਦੇਵ ਸਿੰਘ, ਸੀ: ਮੈਨੇਜਮੈਂਟ ਇੰਜ: ਅਤੇ ਸੂਬੇਦਾਰ ਜਸਪਾਲ ਸਿੰਘ ਜੀ ਅਗਰੇਲੀ ਕਾਰਵਾਈ ਕਰਕੇ ਖਰੀਦ ਅਤੇ ਲਗਾਉਣ ਲਈ ਛੇਤੀ ਉਪਰਾਲਾ ਕਰ ਰਹੇ ਹਨ ਤਾਂ ਇਸ ਨੂੰ ਛੇਤੀ ਮੁਕੰਮਲ ਕਰਕੇ ਐਨ.ਓ.ਸੀ. ਹਾਸਲ ਕੀਤੀ ਜਾ ਸਕੇ ਜੋ ਕਿ ਬਹੁਤ ਜ਼ਰੂਰੀ ਹੈ।

7. **ਲੁਬਾਣਾ ਸੇਵਕ ਮੈਗਜ਼ੀਨ ਬਾਰੇ** - ਲੁਬਾਣਾ ਸੇਵਕ ਮੈਗਜ਼ੀਨ ਹਰ ਮਹੀਨੇ ਲਗਾਤਾਰ ਛੱਪ ਰਿਹਾ ਹੈ। ਲੁਬਾਣਾ ਸੇਵਕ ਦੀ ਛਪਾਈ ਅਤੇ ਪਬਲੀਕੇਸ਼ਨ ਜਲੰਧਰ ਤੋਂ ਰਿਆਤੀ ਡਾਕ ਦਰਾ ਤੇ ਜਲੰਧਰ ਤੋਂ ਹੀ ਮੈਂਬਰਾਂ ਨੂੰ ਭੇਜਿਆ ਜਾਂਦਾ ਹੈ। ਲੁਬਾਣਾ ਸੇਵਕ ਵੈਬਸਾਇਟ ਵੀ ਹੈ ..ਤੇ ਵੇਖਿਆ ਤੇ ਪੜ੍ਹਿਆ ਜਾ ਸਕਦਾ ਹੈ ।

8. **ਗੁਰੂ ਲਾਧੋ ਰੇ ਦਿਵਸ ਬਾਰੇ** - ਗੁਰੂ ਲਾਧੋ ਰੇ ਦਿਵਸ ਮਿਤੀ 07.10.2022 ਦਿਨ ਸ਼ੁੱਕਰਵਾਰ ਨੂੰ ਭਵਨ ਵਿਖੇ ਮਨਾਇਆ ਗਿਆ, ਜਿਸ ਪ੍ਰੋਗਰਾਮ ਵਿੱਚ ਮਿਤੀ 05.10.2022 ਸਵੇਰੇ ਅਖੰਡ ਸਾਹਿਬ ਦੇ ਪਾਠ ਪ੍ਰਾਰੰਭ ਕੀਤੇ ਅਤੇ ਭੋਗ ਮਿਤੀ 07.10.2022 ਨੂੰ ਗੁਰੂ ਘਰ, ਫਾਊਂਡੇਸ਼ਨ ਦੇ ਚੰਡੀਗੜ੍ਹ ਭਵਨ ਵਿਖੇ ਪਾਏ ਗਏ, ਉਪਰੰਤ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਮੇਨ ਹਾਲ ਵਿੱਚ ਕੀਤਾ ਗਿਆ ਅਤੇ 10.30 ਵਜੇ ਤੋਂ ਲੈ ਕੇ 13.30 ਵਜੇ ਤੱਕ ਕੀਰਤਲ, ਕਥਾ ਵਿਚਾਰਾਂ ਗੁਰੂ ਲਾਧੋ ਰੇ ਨੂੰ ਸਮਰਪਿਤ ਕੀਤੀਆਂ ਗਈਆਂ। ਗੁਰੂ ਦਾ ਅਤੁੱਟ ਲੰਗਰ ਬੜੇ ਸੁਚੱਜੇ ਤਰੀਕੇ ਨਾਲ ਸੰਗਤਾਂ ਨੇ ਛੱਕਿਆ। ਗੁਰੂ ਲਾਧੋ ਰੇ ਦਿਵਸ 07 ਅਕਤੂਬਰ ਨੂੰ ਲੁਬਾਣਾ ਫਾਊਂਡੇਸ਼ਨ ਦੇ ਉੱਦਮ ਸਦਕਾ ਸ਼੍ਰੋਮਣੀ ਗੁਰਦੁਆਰਾ ਗਜਟ ਵਿੱਚ ਦਰਜ ਹੈ। ਇਸ ਸਮੇਂ ਸੰਗਤਾਂ ਦੇ ਚੰਗੇ 250 ਤੋਂ 300 ਦੇ ਇਕੱਠ ਨੂੰ ਪ੍ਰਧਾਨ ਜੀ ਨੇ ਜੀ ਆਇਆ ਨੂੰ ਆਖਿਆ ਤੇ ਕੁੱਝ ਤਜਵੀਜ਼ਾਂ ਵੀ ਸੰਗਤਾਂ ਸਾਹਮਣੇ ਰੱਖਿਆਂ ਜਿਵੇਂ ਕਿ ਐਜੂਕੇਸ਼ਨ ਅਤੇ ਸਕਾਲਰਸ਼ਿਪ ਪਾਲਿਸੀ ਨੂੰ ਲੋੜਵੰਦ ਖੇਤਰਾਂ ਵਿੱਚ ਪੜਾਅ ਦਰ

ਪੜਾਅ ਅਤੇ ਮੁੱਢਲੀ ਸਿੱਖਿਆਵਾਂ, ਉਚੇਰੀ ਸਿੱਖਿਆਵਾਂ ਅਤੇ ਉੱਚੇ ਅਹੁਦਿਆਂ ਦੀ ਪ੍ਰੀਖਿਆਵਾਂ ਵਿੱਚ ਹੋਣਹਾਰ ਵਿਦਿਆਰਥੀਆਂ ਨੂੰ ਲੜ ਲਾ ਕੇ ਕਾਮਯਾਬ ਬਣਾਉਣ ਇਸ ਤੋਂ ਇਲਾਵਾ ਸਮਾਜ ਸੁਧਾਰ, ਨਸ਼ਿਆਂ ਤੋਂ ਰੋਕ, ਜਵਾਨੀਆਂ ਬਚਾਉਣ ਅਤੇ ਹੋਰ ਫਾਊਂਡੇਸ਼ਨ ਦੇ ਚਲਦੇ ਕੰਮ ਨੂੰ ਵਧੇਰੇ ਉਤਸ਼ਾਹ ਅਤੇ ਜ਼ੋਰ ਨਾਲ ਚਲਾਉਣਾ ਇਤਿਆਦੀ। ਗੁਰੂ ਲਾਧੋ ਰੇ ਦਿਵਸ ਪਿਛਲੇ ਦੋ (2) ਸਾਲਾਂ ਵਿੱਚ ਕੋਵਿਡ ਮਹਾਂਮਾਰੀ ਕਰਕੇ ਸੰਗਤ ਇੱਕਠੀ ਕਰਕੇ ਨਹੀਂ ਮਨਾਇਆ ਜਾ ਸਕਿਆ ਸੀ ਇਸ ਕਰਕੇ ਇਸ ਵਾਰ ਫਿਰ ਸੰਗਤਾਂ ਨੂੰ ਮਿਲਣ ਵਰਤਣ ਅਤੇ ਹਾਜ਼ਰੀ ਭਰ ਕੇ ਹੌਂਸਲਾ ਅਫਜਾਈ ਕੀਤੀ ਹੈ। ਉਮੀਦ ਹੈ ਕਿ ਅੱਗੇ ਤੋਂ ਸੰਗਤ ਦਿਲੋਂ ਆਪ ਮੁਹਾਰੇ ਗੁਰੂ ਮਹਾਰਾਜ ਦੇ ਅਸ਼ੀਰਵਾਦ ਪ੍ਰਾਪਤ ਕਰਕੇ ਖੁਸ਼ਿਆਂ ਪ੍ਰਾਪਤ ਕਰਨਗੇ। ਖਾਸ ਤੌਰ ਤੇ ਲੋਕਲ ਸੰਗਤਾਂ ਨੂੰ ਜ਼ਿਆਦਾ ਬੇਨਤੀ ਹੈ ਗੁਰੂ ਲਾਧੋ ਰੇ ਸਮਾਗਮ ਦੇ ਦੌਰਾਨ ਰਾਗੀ ਜੱਥਿਆਂ, ਕਥਾਵਾਚਕ ਨੂੰ ਗੁਰੂ ਘਰ ਦਾ ਸਿਰਪਾਓ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਤੇ ਸ੍ਰ: ਭਗਤ ਸਿੰਘ, ਆਈ.ਏ.ਐਸ. (ਰਿਟਾ.) ਅਤੇ ਸਾਬਕਾ ਪ੍ਰਧਾਨ ਅਤੇ ਡਾ. ਰਣਜੀਤ ਸਿੰਘ, ਡਾਇਰੈਕਟਰ ਹੈਲਥ ਸਰਵਿਸ ਪੰਜਾਬ, ਇੰਜ: ਕੁਲਬੀਰ ਸਿੰਘ ਸੁਜਲਾਣਾ, ਐਸ.ਈ. (ਰਿਟਾ.) ਅਤੇ ਸਾਬਕਾ ਜਨਰਲ ਸਕੱਤਰ, ਡਾ. ਭੁਪਿੰਦਰ ਸਿੰਘ, ਪ੍ਰਧਾਨ, ਗੁਰੂ ਲਾਧੋ ਰੇ ਭਵਨ ਨਰਾਇਣਗੜ੍ਹ, ਲੈਕਚਰਾਰ ਗੁਲਜਾਰ ਸਿੰਘ, ਸ੍ਰ: ਬਲਵਿੰਦਰ ਸਿੰਘ ਪ੍ਰਧਾਨ, ਗੁਰਦੁਆਰਾ ਜ਼ੀਰਕਪੁਰ, ਮਾਤਾ ਜੋਗਿੰਦਰ ਕੌਰ, ਲੁਧਿਆਣਾ, ਸ਼੍ਰੀ ਰਾਜੇਸ਼ ਕਸ਼ਯਪ, ਬੱਦੀ, ਹਿਮਾਚਲ ਪ੍ਰਦੇਸ਼ ਅਤੇ ਸਰਦਾਰ ਮਨਜੀਤ ਸਿੰਘ, ਪ੍ਰਧਾਨ ਗੁਰੂ ਘਰ ਭਵਨ, ਚੰਡੀਗੜ੍ਹ ਨੂੰ ਫਾਊਂਡੇਸ਼ਨ ਪ੍ਰਤੀ ਸੇਵਾਵਾਂ ਅਤੇ ਮੁੱਖ ਮਹਿਮਾਨਾਂ ਨੂੰ ਸਨਮਾਨਿਤ ਕੀਤਾ ਗਿਆ। ਸਟੇਜ਼ ਸੈਕਟਰੀ ਦੀ ਸੇਵਾ ਸ਼੍ਰ: ਗੁਰਚਰਨ ਸਿੰਘ, ਸੀਨੀਅਰ ਵਾਇਸ ਪ੍ਰਧਾਨ (ਹੈ.ਡ.) ਨੇ ਨਿਭਾਈ। ਸਮਾਗਮ ਦੀ ਕਾਮਯਾਬੀ ਲਈ ਲੰਗਰ ਲਈ ਪੰਡਿਤ ਰਾਮ ਕੁਮਾਰ ਅਤੇ ਸਾਥੀ, ਜੋੜਾ ਘਰ ਲਈ ਸ੍ਰ: ਗੁਰਮੀਤ ਸਿੰਘ ਅਤੇ ਸਾਥੀ, ਸਾਊਂਡ ਸਿਸਟਮ ਲਈ ਸਰਦਾਰ ਇੰਦਰਜੀਤ ਸਿੰਘ, ਫੋਟੋਗ੍ਰਾਫੀ ਲਈ ਸ੍ਰੀ ਸਾਹਿਲ ਮਾਰਫਤ ਅਤੇ ਸਰਦਾਰ ਜਗਤਾਰ ਸਿੰਘ ਮੁਲਤਾਨੀ ਨੇ ਸੇਵਾਵਾਂ ਨਿਭਾਈਆਂ ਵਾਹਿਗੁਰੂ ਸਾਰੀਆਂ ਦੀ ਸੇਵਾਵਾਂ ਨੂੰ ਭਾਗ ਲਗਾਏ।

**9. ਫਾਊਂਡੇਸ਼ਨ ਦੇ ਮੈਂਟੀਨੈਸ ਦੇ ਕੰਮ** - ਬਿਜਲੀ ਦੇ ਬਿੱਲ ਜੋ ਕਿ ਲੋਡ ਡਿਮਾਂਡ ਜ਼ਿਆਦਾ ਹੋਣ ਕਰਕੇ ਜ਼ਿਆਦਾ ਆਉਂਦਾ ਹੈ ਨੂੰ ਘਟਾਉਣ ਦੇ ਉਪਰਾਲੇ ਲਈ ਕਨੈਕਟਡ ਲੋਡ ਤੱਕ ਲੋਡ ਡਿਮਾਂਡ ਵਧਾਉਣ ਲਈ ਬਿਜਲੀ ਦਫਤਰ ਨਾਲ ਰਾਬਤਾ ਕਰਕੇ ਲੋੜੀਂਦੇ ਕਾਗਜਾਤ ਦੇਣਾ ਅਤੇ ਛੇਤੀ ਲੋਡ ਅਪਗ੍ਰੇਡ ਕਰ ਲਿਆ ਜਾਵੇਗਾ। ਇਸੇ ਤਰ੍ਹਾਂ ਕਈ ਵਾਰੀ ਪਾਵਰ ਫੈਕਟਰ ਨੂੰ ਕੰਟਰੋਲ ਕਰਨ ਲਈ ਲੋੜੀਂਦੇ ਕਦਮ ਚੁੱਕਣ ਲਈ ਵੀ ਕੋਸ਼ਿਸ਼ ਕਰਕੇ ਠੀਕ ਕਰਵਾਇਆ ਜਾ ਰਿਹਾ ਹੈ। ਭਵਨ ਵਿੱਚ ਪਾਵਰਲੋਡ ਕਦੀ ਬਹੁਤ ਘੱਟ ਅਤੇ ਕਦੇ ਵੱਧ ਹੁੰਦਾ ਹੈ। ਇਸ ਲਈ ਮੌਸਮ ਅਤੇ ਲੋੜ ਮੁਤਾਬਿਕ ਇਸ ਦੀ ਦੇਖ-ਰੇਖ ਅਤੇ ਕੰਟਰੋਲ ਜ਼ਰੂਰੀ ਹੈ।

(ਅ) ਭਵਨ ਵਿਖੇ ਪਾਣੀ ਮੁਹੱਈਆ ਕਰਵਾਉਣ ਲਈ ਮੋਟਰਪੰਪ ਦੀ ਮੁਰੰਮਤ, ਰਖ ਰਖਾਵ, ਬਾਗਬਾਨੀ, ਪਾਰਕਾਂ ਦੀ ਘਾਹ ਦੀ ਕਟਾਈ, ਸਫਾਈ ਨਵੀਂ ਰੁੱਤ ਦੇ ਫੁੱਲ-ਬੂਟੇ ਲਗਾਉਣ ਰਿਹਾਇਸ਼ੀ ਕਮਰਿਆਂ ਦਾ ਰਖ ਰਖਾਵ ਅਤੇ ਕਮੀਆਂ ਦੂਰ ਕਰਨੀਆਂ।

## ਅਪੀਲ

**ਵੇਖਣ ਵਿਚ ਇਹ ਸਾਹਮਣੇ ਆਇਆ ਹੈ ਕਿ ਭਵਨ ਵੱਲੋਂ ਭੇਜੇ ਜਾਣ ਵਾਲੇ ਮੈਗਜ਼ੀਨ ਜਾਂ ਕੋਈ ਹੋਰ ਚਿੱਠੀ-ਪੱਤਰ ਮੈਂਬਰਾਂ ਦੇ ਸਹੀ ਪਤੇ ਤੇ ਨਹੀਂ ਪਹੁੰਚਦਾ ਅਤੇ ਘੋਖ ਕਰਨ ਤੇ ਪਤਾ ਲੱਗਾ ਕਿ ਜੋ ਵੀ ਮੈਂਬਰਾਂ ਨੇ ਆਪਣੇ ਰਿਹਾਇਸ਼ੀ ਪਤੇ ਬਦਲ ਲਏ ਹਨ ਉਹ ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਦੇ ਦਫ਼ਤਰ ਵਿਚ ਉਹਨਾਂ ਦੇ ਨਵੇਂ ਪਤੇ ਨੋਟ ਕਰਵਾ ਦੇਣ ਤਾਂ ਜੋ ਮੈਂਬਰਾਂ ਦਾ ਸਹੀ ਪਤਾ ਦਫ਼ਤਰ ਦੇ ਰਿਕਾਰਡ ਵਿਚ ਅਪਡੇਟ ਕੀਤਾ ਜਾ ਸਕੇ।**

**-ਧੰਨਵਾਦ**

# ਗੁਰਦੁਆਰਾ ਜਨਮ ਅਸਥਾਨ (ਨਨਕਾਣਾ ਸਾਹਿਬ)

**ਮਹਿੰਦਰ ਸਿੰਘ**
**ਡੀ.ਐਸ.ਪੀ. (ਸੇਵਾ ਮੁਕਤ)**
**ਡਬਲ ਰਾਸ਼ਟਰਪਤੀ ਐਵਾਰਡੀ**
**ਐਡਵਾਇਜ਼ਰ ਲੁਬਾਣਾ ਸੇਵਕ**
**98144-74535**



ਨਨਕਾਣਾ ਸਾਹਿਬ ਉਹ ਪਵਿੱਤਰ ਅਸਥਾਨ ਹੈ, ਜਿੱਥੇ ਸਿੱਖ ਧਰਮ ਦੇ ਸਵਾਮੀ, ਅਗਿਆਨ-ਅੰਧੇਰੇ ਦੇ ਵਿਨਾਸ਼ਕ, ਜਗਤ ਗੁਰੂ, ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਮਹਿਤਾ ਕਾਲੂ ਜੀ ਦੇ ਘਰ, ਮਾਤਾ ਤ੍ਰਿਪਤਾ ਜੀ ਦੀ ਕੁੱਖੋਂ ਵੈਸਾਖ ਸੁਦੀ ਤਿੰਨ, ਸੰਮਤ 1526 (15 ਅਪ੍ਰੈਲ, 1469 ਈ.) ਨੂੰ ਅੰਮ੍ਰਿਤ ਵੇਲੇ ਹੋਇਆ। ਦੌਲਤਾਂ ਦਾਈ ਨੂੰ ਜਦ ਮਹਿਤਾ ਕਾਲੂ ਜੀ ਰੁਪਇਆਂ ਦਾ ਭਰਿਆ ਥਾਲ ਦੇਣ ਲੱਗੇ ਤਾਂ ਉਸ ਕਿਹਾ, ‘ਰਹਿਣ ਦਿਓ, ਮੈਂ ਤਾਂ ਰੱਜ ਗਈ।’ ਗੁਰੂ ਨਾਨਕ ਬਾਬੇ ਨੇ ਜਗਤ ’ਤੇ ਪ੍ਰਗਟ ਹੁੰਦੇ ਆਪਣਾ ਪੈਗ਼ਾਮ ਦੋ ਸ਼ਬਦ ਬੋਲ : ‘ਹਉ ਤੇਰਾ : ਤੇਰਾ ਨਾਉਂ” ਕਹਿ ਕੇ ਦਿੱਤਾ ਤੇ ਭਾਈ ਨੰਦ ਲਾਲ ਜੀ ਦੇ ਕਥਨ ਅਨੁਸਾਰ ਵਾਹਿਗੁਰੂ ਨੇ ਕਿਹਾ ਸੀ : ‘ਦੁਨੀਆ ਦਾ ਧਿਆਨ ਉਸ ਵੱਲ ਮੋੜੇ।’ ਇਸ ਕਸਬੇ ਦਾ ਪਹਿਲਾ ਨਾਂ ਰਾਇਪੁਰ ਤੇ ਫਿਰ ‘ਰਾਇ ਭੋਇ ਦੀ ਤਲਵੰਡੀ’ ਹੋਇਆ। ਗੁਰੂ ਜੀ ਦੇ ਆਗਮਨ ਨਾਲ ਇਸ ਦਾ ਨਾਂ ਉਨ੍ਹਾਂ ਦੇ ਨਾਂ ’ਤੇ ਨਾਨਕਿਆਣਾ-ਨਨਕਾਣਾ ਸਾਹਿਬ ਜਗਤ ਪ੍ਰਸਿੱਧ ਹੋਇਆ।

ਨਨਕਾਣਾ ਸਾਹਿਬ ਲਾਹੌਰ ਸ਼ਹਿਰ ਤੋਂ ਪੱਛਮ ਵਾਲੇ ਪਾਸੇ 48 ਮੀਲ ਦੀ ਦੂਰੀ ’ਤੇ ਹੈ। ਇਸ ਅਸਥਾਨ ’ਤੇ ਗੁਰੂ ਜੀ ਨੇ ਆਪਣੀ ਬਾਲ ਵਰੇਸ ਤੇ ਚੜ੍ਹਦੀ ਜਵਾਨੀ ਦੇ ਕਈ ਸਾਲ ਬਿਤਾਏ। ਜਦ ਪੰਡਤ ਹਰਦਿਆਲ 9 ਸਾਲ ਦੀ ਉਮਰੇ ਜਨੇਊ ਪਾਉਣ ਲਈ ਆਇਆ ਤਾਂ ਆਪ ਜੀ ਨੇ ਕਿਹਾ, ‘ਅਸਾਂ ਨਹੀਂ ਪਾਉਣਾ ਇਹ ਵਿਤਕਰੇ ਵਾਲਾ ਜਨੇਊ, ਜੋ ਬ੍ਰਾਹਮਣ ਲਈ ਰੇਸ਼ਮ ਦਾ, ਖਤ੍ਰੀ ਲਈ ਸੂਤ ਦਾ ਤੇ ਵੈਸ਼ ਲਈ ਉੱਨ ਦਾ ਹੈ ਅਤੇ ਸ਼ੂਦਰ ਜਿਸ ਨੂੰ ਪਾ ਨਹੀਂ ਸਕਦਾ। ਫਿਰ ਬ੍ਰਾਹਮਣ ਲਈ ਤੀਹਰਾ, ਖਤ੍ਰੀ ਲਈ ਦੂਹਰਾ ਅਤੇ ਵੈਸ਼ ਲਈ ਇਕਹਿਰਾ।’

ਇਸ ਅਸਥਾਨ ’ਤੇ ਹੀ ਆਪ ਜੀ ਨੂੰ ਜਦ ਪਾਠਸ਼ਾਲਾ ਪਾਇਆ ਤਾਂ ਐਸੀ ਪੱਟੀ ਲਿਖੀ ਜਿਸ ’ਤੇ ਵਿਦਿਆ ਪ੍ਰਣਾਲੀ ਦੇ ਮੁੱਢਲੇ ਸਿਧਾਂਤ ਉੱਕਰ ਦਿੱਤੇ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਵਿਆਹ 21 ਮਈ, 1487 ਈ. ਨੂੰ ਬਟਾਲੇ ਦੇ ਰਹਿਣ ਵਾਲੇ ਮੂਲ ਚੰਦ ਖੱਤਰੀ ਦੀ ਲੜਕੀ ‘ਬੀਬੀ ਸੁਲਖਣੀ’ ਨਾਲ ਹੋਇਆ। ਭਾਈ ਮਰਦਾਨੇ ਨਾਲ ਮਿਲਾਪ ਵੀ ਨਨਕਾਣਾ ਸਾਹਿਬ ਦੀ ਧਰਤ ’ਤੇ ਹੀ ਹੋਇਆ, ਜਿਸ ਨੇ ਐਸਾ ਸਾਥ ਨਿਭਾਇਆ ਕਿ 47 ਸਾਲ ਬਾਣੀ ਗਾਂਵਦਾ ਤੇ ਸੁਣਦਾ ਰਿਹਾ।

ਗੁਰੂ ਨਾਨਕ ਦੇਵ ਜੀ ਆਪਣੀ ਜਨਮ-ਭੂਮੀ ਨਨਕਾਣੇ ਦੀ ਧਰਤ ’ਤੇ ਲਗਭਗ 15 ਸਾਲ ਰਹੇ। ਪਿਛੋਂ ਸੁਲਤਾਨਪੁਰ ਲੋਧੀ ਆ ਗਏ।

ਸਿੱਖ ਰਾਜ ਸਮੇਂ ਮਹਾਰਾਜਾ ਰਣਜੀਤ ਸਿੰਘ ਨੇ ਇਸ ਅਸਥਾਨ ਦੀ ਸੇਵਾ ਕਰਾ ਆਲੀਸ਼ਾਨ ਇਮਾਰਤ ਦਾ ਨਿਰਮਾਣ ਕਰਵਾਇਆ। ਬਾਬਾ ਸਾਹਿਬ ਜੀ ਨੇ ਮਹਾਰਾਜਾ ਰਣਜੀਤ ਸਿੰਘ ਨੂੰ ਪ੍ਰੇਰ ਕੇ, ਇਸ ਪਾਵਨ ਅਸਥਾਨ ਦੇ ਨਾਂ 700 ਏਕੜ ਦੀ ਜਾਗੀਰ ਲਵਾਈ। ਸੇਵਾ-ਸੰਭਾਲ ਉਦਾਸੀ ਸਾਧੂ ਹੀ ਕਰਦੇ ਰਹੇ। ਪਰ ਸਮਾਂ ਬੀਤਣ ਨਾਲ 20ਵੀਂ ਸਦੀ ਦੇ ਆਰੰਭ ਵਿਚ ਮਹੰਤ, ਗੁਰੂ ਘਰ ਦੀ ਜਾਇਦਾਦ ਨੂੰ ਆਪਣੀ ਨਿੱਜੀ ਮਲਕੀਅਤ ਸਮਝਣ ਲੱਗੇ। ਉਨ੍ਹਾਂ ਗੁਰਦੁਆਰਿਆਂ ਨੂੰ ਐਸ਼ ਕਰਨ ਦਾ ਵਸੀਲਾ ਬਣਾ ਲਿਆ। ਮਹੰਤਾਂ ਤੋਂ ਗੁਰਦੁਆਰੇ ਪੰਥਕ ਪ੍ਰਬੰਧ ਵਿਚ ਲਿਆਉਣ ਤੇ ਅਜ਼ਾਦ ਕਰਾਉਣ ਲਈ ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਚੱਲੀ। ਗੁਰਦੁਆਰਾ ਜਨਮ ਅਸਥਾਨ ਦਾ ਪ੍ਰਬੰਧ, ਪੰਥਕ ਪ੍ਰਬੰਧ ਵਿਚ ਲੈਣ ਲਈ ਇਕ ਸ਼ਾਂਤਮਈ ਜਥਾ ਗੁਰਦੁਆਰਾ ਜਨਮ ਅਸਥਾਨ ਵਿਚ ਦਾਖਲ ਹੋਇਆ। ਮਹੰਤ ਨਰਾਇਣ ਦਾਸ ਦੇ ਪਹਿਲਾਂ ਹੀ ਮੁਲ ਖਰੀਦੇ, ਗੁੰਡਿਆਂ-ਬਦਮਾਸ਼ਾਂ ਨੇ ਸਿੰਘਾਂ ਨੂੰ ਗੋਲੀਆਂ, ਬਰਛਿਆਂ, ਛੁਰੀਆਂ ਤੇ ਹੋਰ ਮਾਰੂ ਹਥਿਆਰਾਂ ਦਾ ਨਿਸ਼ਾਨਾ ਬਣਾਇਆ ਤੇ ਬੜੀ ਬੇ-ਰਹਿਮੀ ਨਾਲ ਕਤਲ ਕਰ ਦਿੱਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪ ਨੂੰ ਗੋਲੀਆਂ ਲੱਗੀਆਂ। ਕਈਆਂ ਨੂੰ ਜੰਡ ਨਾਲ ਬੰਨ੍ਹ ਕੇ ਜਿਊਂਦਿਆਂ ਸਾੜਿਆ ਗਿਆ। ਅੱਧ-ਸੜੀਆਂ ਲਾਸ਼ਾਂ ਨੂੰ ਖੂਹ ਵਿਚ ਸੁੱਟ ਦਿੱਤਾ ਗਿਆ।

ਕੌਮ ਵਿਚ ਇਤਨਾ ਜੋਸ਼ ਵਧਿਆ ਕਿ ਉਨ੍ਹਾਂ ਵੱਲੋਂ ਇਸ ਅਸਥਾਨ ਦਾ ਪ੍ਰਬੰਧ ਖਾਲਸਾ ਜੀ ਨੂੰ ਸੌਂਪਿਆ ਗਿਆ। ਇਸ ਗੁਰਦੁਆਰੇ ਦੀ ਵਿਸ਼ਾਲ ਆਲੀਸ਼ਾਨ ਇਮਾਰਤ, ਦਰਸ਼ਨੀ ਡਿਉਢੀ ਤੇ ਖੁੱਲ੍ਹੇ ਆਲੇ-ਦੁਆਲੇ ਤੇ ਪਾਰਕਾਂ ਦਾ ਪ੍ਰਭਾਵ ਹਰੇਕ ਗੁਰਸਿੱਖ ਦੇ ਮਨ ਨੂੰ ਮੋਹ ਲੈਣ ਵਾਲਾ ਹੈ। ਗੁਰਦੁਆਰੇ ਦੇ ਨਾਲ ਵਿਸ਼ਾਲ ਪਾਵਨ ਸਰੋਵਰ ਤੇ ਯਾਤਰੂਆਂ ਦੀ ਰਿਹਾਇਸ਼ ਲਈ ਬਹੁਤ ਵੱਡੀ ਸਰਾਂ ਹੈ। ਗੁਰਦੁਆਰਾ ਸਾਹਿਬ ਵਿਚ ਸਥਿਤ, ਜੰਡ ਦਾ ਦਰੱਖ਼ਤ ਤੇ ਸ਼ਹੀਦੀ ਖੂਹ ਅੱਜ ਵੀ ਨਰਾਇਣ ਦਾਸ ਵੱਲੋਂ ਢਾਹੇ ਜ਼ੁਲਮਾਂ ਦੀ ਦਾਸਤਾਨ ਪ੍ਰਸਤੁਤ ਕਰ ਰਹੇ ਹਨ।

ਦੇਸ਼ ਦੀ ਵੰਡ ਤੋਂ ਪਿਛੋਂ ਪਾਕਿਸਤਾਨ ਵਿਚਲੇ ਸਿੱਖ ਧਾਰਮਿਕ ਅਸਥਾਨਾਂ ਦਾ ਪ੍ਰਬੰਧ, ਇਕ ਵਕਫ਼ ਬੋਰਡ ਕਰਦਾ ਹੈ। ਹੁਣ ਹਰ ਸਾਲ ਚਾਰ ਮੌਕਿਆਂ ’ਤੇ ਗੁਰਦੁਆਰਾ ਨਨਕਾਣਾ ਸਾਹਿਬ ਦੇ ਦਰਸ਼ਨ ਕਰਨ ਲਈ ਸਿੱਖ ਯਾਤਰੂ ਜਥੇ ਦੇ ਰੂਪ ਵਿਚ ਜਾਂਦੇ ਹਨ।

ਨਨਕਾਣਾ ਸਾਹਿਬ ਵਿਚ ਇਸ ਵੇਲੇ 25-30 ਪਰਿਵਾਰ ਸਿੱਖਾਂ ਦੇ ਰਹਿ ਰਹੇ ਹਨ। ਇਸ ਕਰਕੇ ਗੁਰਦੁਆਰਾ ਜਨਮ ਅਸਥਾਨ ’ਤੇ ਰੋਜ਼ਾਨਾ ਪ੍ਰਕਾਸ਼ ਤੇ ਪਾਠ ਹੁੰਦਾ ਹੈ। ਭਾਈ ਪ੍ਰਤਾਪ ਸਿੰਘ ਜੀ ਗ੍ਰੰਥੀ ਸਿੰਘ ਦੀ ਸੇਵਾ ਨਿਭਾ ਰਹੇ ਹਨ। ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਗੁਰਪੁਰਬ ’ਤੇ ਭਾਰਤ ਵਿਚੋਂ ਤਿੰਨ ਹਜ਼ਾਰ ਸਿੱਖ ਯਾਤਰੂਆਂ ਦਾ ਜਥਾ ਗੁਰਦੁਆਰਾ ਜਨਮ ਅਸਥਾਨ ’ਤੇ ਵਿਸ਼ੇਸ਼ ਤੌਰ ’ਤੇ ਜਾਂਦਾ ਹੈ। ਹੋਰ ਵੀ ਬਹੁਤ ਸਾਰੇ ਦੇਸ਼ਾਂ ਤੋਂ ਸ਼ਰਧਾਲੂ ਸ਼ਰਧਾ ਦੇ ਫੁੱਲ ਭੇਟ ਕਰਨ ਨਨਕਾਣਾ ਸਾਹਿਬ ਪਹੁੰਚਦੇ ਹਨ।

# ਜੀਵਨ ਵਿਕਾਸ - ਇਕ ਸੰਘਰਸ਼

ਵਰਿਆਮ ਸਿੰਘ ਪੀ.ਈ.ਐਸ. (1) ਪ੍ਰਿੰਸੀਪਲ (ਰਿਟਾ.)

## ਮੁੱਢਲੀ ਸਿੱਖਿਆ

ਅੱਜ ਕਲ੍ਹ ਦੇ ਲੋੜ ਤੋਂ ਵੱਧ ਵਿਆਪਾਰਕ ਬਿਰਤੀ ਨਾਲ ਖੁੱਲ੍ਹਦੇ ਜਾ ਰਹੇ ਸਕੂਲਾਂ ਦਾ ਅਨੁਮਾਨ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਕਪੂਰਥਲਾ ਦੀ ਇਕ ਸੜਕ ਦੇ ਚਾਰ ਸੌ ਗ਼ਜ਼ ਅੰਦਰ ਚਾਰ ਹਾਈ ਸਕੂਲ ਚਲ ਰਹੇ ਹਨ ਅਤੇ ਇਹ ਚਾਰੇ ਦੇ ਚਾਰੇ ਵੱਖ-ਵੱਖ ਸਕੂਲ ਬੋਰਡਾਂ ਵੱਲੋਂ ਮਨਜ਼ੂਰ ਸ਼ੁਦਾ ਹਨ। ਇਸ ਦੇ ਮੁਕਾਬਲੇ ਵਿੱਚ ਮੈਨੂੰ ਯਾਦ ਹੈ ਕਿ ਸਾਡੇ ਪਾਕਿਸਤਾਨ ਵਿੱਚ ਰਹਿ ਗਏ ਪਿੰਡ ਦਾ ਛੇਵੀਂ ਜਮਾਤ ਤੱਕ ਪੜ੍ਹਾਈ ਕਰਵਾਉਣ ਵਾਲਾ ਤਿੰਨ ਕਮਰੇ ਅਤੇ ਤਿੰਨ ਮਾਸਟਰ ਜੀ ਵਾਲਾ ਇਕੋ ਇਕ ਲੋਅਰ ਮਿਡਲ ਸਕੂਲ ਲਾਗਲੇ ਲਗਭਗ ਇਕ ਦਰਜਨ ਪਿੰਡਾਂ ਦੇ ਬੱਚਿਆਂ ਲਈ ਸਰਕਾਰ ਵੱਲੋਂ ਖੋਲ੍ਹਿਆ ਗਿਆ ਸੀ। ਉਨ੍ਹਾਂ ਦਿਨਾਂ ਵਿੱਚ ਪਿੰਡ ਦੇ ਬੱਚਿਆਂ ਦੀ ਸਿੱਖਿਆ ਵੱਲ ਬੜਾ ਘੱਟ ਧਿਆਨ ਦਿੱਤਾ ਜਾਂਦਾ ਸੀ। ਪਿੰਡਾਂ ਵਿੱਚੋਂ ਟਾਵਾਂ ਟਾਵਾਂ ਬੱਚੇ ਹੀ ਸਕੂਲ ਜਾਂਦੇ ਸਨ। ਆਪਣੇ ਪਿੰਡ ਦੇ ਉਸ ਸਕੂਲ ਵਿੱਚ ਅੱਜ ਤੋਂ ਲਗਭਗ 86 ਸਾਲ ਪਹਿਲਾਂ 1932 ਈਸਵੀ ਵਿੱਚ ਮੈਂ ਪੜ੍ਹਨੇ ਪਿਆ। ਸਕੂਲ ਵਿੱਚ ਦਾਖਲਾ ਲੈਣ ਵੇਲੇ ਮੇਰੇ ਪਿਤਾ ਜੀ ਮੇਰੇ ਨਾਲ ਸਨ ਜੋ ਬੱਚਿਆਂ ਦਾ ਮੂੰਹ ਮਿੱਠਾ ਕਰਵਾਉਣ ਲਈ ਗੁਲਾਬੀ, ਅਤੇ ਪੀਲੇ ਰੰਗ ਦੇ ਪਤਾਸੇ ਝੋਲਾ ਭਰ ਕੇ ਨਾਲ ਲੈ ਗਏ ਸਨ। ਜਨਮ ਮਿਤੀ ਪੁੱਛੇ ਜਾਣ ਤੇ ਪਿਤਾ ਜੀ ਨੇ ਕੇਵਲ ਇਹ ਕਹਿ ਕੇ ਸਾਰ ਦਿੱਤਾ ਕਿ ਸਾਡਾ ਵੱਡਾ ਬੇਟਾ ਏ ਤੇ ਸੁੱਖ ਨਾਲ ਸੱਤਾਂ ਸਾਲਾਂ ਦਾ ਤਾ ਹੋਣਾ ਏ। ਨਾਲ ਗਏ ਛੋਟੇ ਭਰਾ ਬਾਰੇ ਕਹਿ ਦਿੱਤਾ ਕਿ ਇਹ ਅਜੇ ਛੋਟਾ ਏ ਅਤੇ ਉਹ ਇਸ ਪੱਖੋਂ ਹਮੇਸ਼ਾਂ ਲਈ ਛੋਟਾ ਹੀ ਰਹਿ ਗਿਆ। ਉਸ ਵੇਲੇ ਸਰਕਾਰੀ ਭਾਸ਼ਾ ਉਰਦੂ ਹੁੰਦੀ ਸੀ ਤੇ ਉਰਦੂ ਦੀ ਪੜ੍ਹਾਈ ਫਾਰਸੀ ਲਿਪੀ ਵਿੱਚ ਕਰਾਈ ਜਾਂਦੀ ਸੀ। ਅੰਗਰੇਜ਼ੀ ਦੀ ਪੜ੍ਹਾਈ ਦਾ ਕੋਈ ਪ੍ਰਬੰਧ ਨਹੀਂ ਸੀ ਅਤੇ ਨਾ ਹੀ ਮੇਰੇ ਸਕੂਲ ਦੇ ਕਿਸੇ ਮਾਸਟਰ ਜੀ ਨੂੰ ਅੰਗਰੇਜ਼ੀ ਆਉਂਦੀ ਸੀ। ਆਖਿਆ ਜਾਂਦਾ ਸੀ ਕਿ ਅੰਗਰੇਜ਼ੀ ਦੀ ਪੜ੍ਹਾਈ ਲਈ ਸਕੂਲ ਖੋਲ੍ਹਣ ਲਈ ਸਰਕਾਰ ਦੀ ਵਿਸ਼ੇਸ਼ ਮਨਜ਼ੂਰੀ ਲੈਣੀ ਪੈਂਦੀ ਸੀ। ਮੈਨੂੰ ਯਾਦ ਹੈ ਕਿ ਪਹਿਲੇ ਦਿਨ ਮੇਰੇ ਮੁਸਲਮਾਨ ਮਾਸਟਰ ਜੀ ਨੇ ਮੈਨੂੰ ਉਰਦੂ ਦੇ ਕਾਇਦੇ ਤੋਂ ਪਹਿਲੇ ਤਿੰਨ ਅੱਖਰ ਅਲਫ ਬੇ.ਪੇ. ਦਾ ਸਬਕ ਦਿੱਤਾ ਪਰ ਮੇਰੇ ਜਲਦੀ ਯਾਦ ਕਰ ਲੈਣ ਤੇ ਇਸ ਤੋਂ ਅੱਗੇ ਉਸ ਦਿਨ ਹੋਰ ਸਬਕ ਦੇਣ ਤੋਂ ਮਨ੍ਹਾਂ ਕਰ ਦਿੱਤਾ। ਪਹਿਲੀਆਂ ਛੇ ਕਲਾਸਾਂ ਵਿੱਚ ਉਰਦੂ ਭਾਸ਼ਾ ਦੀਆਂ ਨਸਰ, ਨਜ਼ਮ ਅਤੇ ਲੇਖਾਂ ਨਾਲ ਭਰਪੂਰ ਪੁਸਤਕਾਂ ਨਾਲ ਨਾਲ ਗਣਿਤ, ਇਤਿਹਾਸ ਅਤੇ ਭੂਗੋਲ ਦੀ ਪੜ੍ਹਾਈ ਵੀ ਕਰਾਈ ਜਾਂਦੀ ਸੀ। ਗਣਿਤ ਦੇ ਸਵਾਲ ਕੱਢਣ ਲਈ ਸਲੇਟ ਅਤੇ ਲਿਖਣ ਦੀ ਮਸ਼ਕ ਕਰਨ ਲਈ ਲੱਕੜੀ ਦੀ ਫੱਟੀ ਨੂੰ ਗਾਚਣੀ ਨਾਲ ਪੋਚ ਕੇ ਵਰਤਿਆ ਜਾਂਦਾ ਸੀ। ਪੱਕੀ ਮਿੱਟੀ ਦੀ ਛੋਟੀ ਜਿਹੀ ਦਵਾਤ ਵਿੱਚ ਕੱਪੜੇ ਦੀ ਟਾਕੀ ਅਤੇ ਕਾਲੇ ਰੰਗ ਦੀ ਸਿਹਾਈ ਪਾਣੀ ਨਾਲ ਘੋਲ ਕੇ ਅਤੇ ਲਿਖਣ ਲਈ ਕਾਨੇ ਦੀ ਕਲਮ ਚਾਕੂ ਨਾਲ ਤਰਾਸ਼ ਕੇ ਤਿਆਰ ਕੀਤੀ ਜਾਂਦੀ ਸੀ। ਹਰ ਕਲਾਸ ਦੇ ਬੱਚੇ ਆਖਰੀ ਪੀਰੀਅਡ ਵਿੱਚ ਇਕੱਠੇ ਉੱਚੀ ਉੱਚੀ ਬੋਲ ਕੇ ਪਹਾੜੇ ਪੜ੍ਹਦੇ ਸਨ। ਦੂਣੀ ਤੋਂ ਲੈ ਕੇ ਵੀਹਾਂ ਤੱਕ ਅਤੇ ਫਿਰ ਅੱਧੇ, ਪੌਣੇ, ਸਵਾਏ, ਢਾਏ, ਔਂਟੇ, ਢੌਂਚੇ, ਅਤੇ ਪੌਂਚੇ ਆਦਿ ਦੇ ਪਹਾੜੇ ਵੀ ਜ਼ਬਾਨੀ ਕੰਠ ਕਰਾਏ ਜਾਂਦੇ ਸਨ। ਖੁਸ਼ਖਤ ਲਿਖਾਈ ਦੇ ਸਕੂਲਾਂ ਦੇ ਆਪਸੀ ਮੁਕਾਬਲੇ ਕਰਵਾਏ ਜਾਂਦੇ ਸਨ। ਕਿਸੇ ਦੇਸ਼ ਪਿਆਰ ਦਾ ਦਰਦ ਰੱਖਣ ਵਾਲੇ ਦਾ ਸਕੂਲ ਦੇ ਵਰਾਂਡੇ ਦੀ ਦੀਵਾਰ ਤੇ ਲਿਖਿਆ ਇਹ ਸ਼ੇਅਰ ਮੈਨੂੰ ਅਕਸਰ ਯਾਦ ਆਉਂਦਾ ਹੈ :-

**'ਖੁਦਾ ਨੇ ਆਜ ਤੱਕ ਉਸ ਕੌਮ ਕੀ ਹਾਲਤ ਨਹੀਂ ਬਦਲੀ,**
**'ਨਾ ਹੋ ਜਿਸ ਕੋ ਖਿਆਲ ਖੁਦ ਆਪਣੀ ਹਾਲਤ ਕੇ ਬਦਲਣੇ ਕਾ।'**

ਲਗਭਗ ਹਰ ਸਪਤਾਹਿ ਦੇ ਆਖਰੀ ਦਿਨ ਸਕੂਲ ਦੇ ਸਾਰੇ ਬੱਚੇ ਅਧਿਆਪਕਾਂ ਸਮੇਤ ਵਾਰੋ-ਵਾਰੀ ਕਿਸੇ ਇਕ ਪਿੰਡ ਵਿੱਚ ਜਲੂਸ ਦੀ ਸ਼ਕਲ ਵਿੱਚ ਜਾਇਆ ਕਰਦੇ ਅਤੇ ਗੀਤ ਗਾਉਂਦੇ ਹੋਏ ਸਾਰੇ ਪਿੰਡ ਦੀਆਂ ਗਲੀਆਂ ਵਿੱਚ ਫੇਰੀ ਲਾਉਂਦੇ ਸਨ। ਇਸ ਚੇਤਨਾ ਮੁਹਿੰਮ ਦੌਰਾਨ ਲੋਕਾਂ ਨੂੰ ਆਪਣੇ ਬੱਚੇ ਪੜ੍ਹਨ ਲਈ ਸਕੂਲ ਭੇਜਣ, ਘਰਾਂ ਵਿੱਚ ਰੋਸ਼ਨਦਾਨ ਲਾਉਣ, ਚੰਗੀ ਰੂੜੀ ਬਨਾਉਣ ਲਈ ਗੋਬਰ ਅਤੇ ਕੂੜਾ ਕਰਕਟ ਟੋਇਆਂ ਵਿੱਚ ਸੁੱਟਣ, ਚੇਚਕ ਅਤੇ ਹੈਜ਼ੇ ਦੇ ਟੀਕੇ ਲਗਵਾਉਣ ਅਤੇ ਹੋਰ ਸਾਂਝੇ ਵਿਕਾਸ ਲਈ ਯੋਗਦਾਨ ਦੇਣ ਲਈ ਅਪੀਲ ਕੀਤੀ ਜਾਂਦੀ ਸੀ।

ਮਾਸਟਰ ਜੀ ਪਿੰਡ ਦੇ ਪੱਕੇ ਮਕਾਨਾਂ ਦੀਆਂ ਕੰਧਾਂ ਤੇ ਉਰਦੂ ਦੇ ਢੁਕਵੇਂ ਨਾਅਰੇ ਵੀ ਸਫੈਦੀ ਨਾਲ ਲਿਖਿਆ ਕਰਦੇ ਸਨ। ਵੱਡੇ ਬੱਚਿਆਂ ਨੂੰ ਸਵੇਰੇ ਆਉਣ ਵੇਲੇ ਪਿੰਡ ਦੇ ਹੋਰ ਬੱਚਿਆਂ ਨੂੰ ਨਾਲ ਲੈ ਕੇ ਆਉਣ ਲਈ ਵੀ ਕਿਹਾ ਜਾਂਦਾ ਸੀ। ਮਹੀਨੇ ਵਿੱਚ ਇਕ ਵਾਰ ਇਕ ਪੈਸਾ ਰੈੱਡ ਕਰਾਸ ਚੰਦਾ ਦੇਣਾ ਵੀ ਵਿਦਿਆਰਥੀ ਦੇ ਮਾਪਿਆਂ ਨੂੰ ਵਾਧੂ ਭਾਰ ਲਗਦਾ ਸੀ। ਪਿੰਡ ਵਿੱਚ ਹੋਈ ਇਕ ਮੀਟਿੰਗ ਦੌਰਾਨ ਮੇਰੇ ਦਾਦਾ ਜੀ ਵੀ ਇਕ ਬਣਿਆ ਬਣਾਇਆ ਮਿਲਿਆ ਰੋਸ਼ਨਦਾਨ ਆਪਣੇ ਘਰ ਵਿੱਚ ਲਵਾਉਣ ਲਈ ਸਹਿਮਤ ਹੋ ਗਏ। ਪਰ ਇਹ ਰੋਸ਼ਨਦਾਨ ਉਨ੍ਹਾਂ ਨੇ ਆਪਣੇ ਵਸੋਂ

ਵਾਲੇ ਵਰਾਂਡੇ ਪਿੱਛੇ ਬਣੇ ਪਸਾਰ ਦੇ ਪਿੱਛੇ ਬਣੀਆਂ ਕੋਠੜੀਆਂ ਵਿੱਚ ਨਹੀਂ ਸੀ ਲਾਇਆ। ਸਗੋਂ ਇਹ ਹਵੇਲੀ ਵਿੱਚ ਪਸ਼ੂ ਬੰਨ੍ਹਣ ਵਾਲੀ ਕੁੜ੍ਹ ਦੀ ਪਿਛਲੀ ਦੀਵਾਰ ਵਿੱਚ ਲਵਾ ਕੇ ਕਾਰਵਾਈ ਪੂਰੀ ਕਰ ਦਿੱਤੀ।

ਪਿੰਡ ਦੇ ਸਕੂਲ ਦੀ ਪੰਜਵੀਂ ਜਮਾਤ ਵਿੱਚ ਪੜ੍ਹਦੇ ਸਮੇਂ ਟਾਈਫਾਈਡ ਨੇ ਮੈਨੂੰ ਆ ਘੇਰਿਆ। ਉਦੋਂ ਇਸ ਨੂੰ ਮਿਆਦੀ ਬੁਖਾਰ ਹੀ ਕਿਹਾ ਜਾਂਦਾ ਸੀ। ਇਹ ਹੌਲੀ-ਹੌਲੀ ਲੰਮਾ ਹੁੰਦਾ ਗਿਆ ਅਤੇ 22 ਦਿਨਾਂ ਤੱਕ ਰਿਹਾ ਜੋ ਉਨ੍ਹਾਂ ਦਿਨਾਂ ਵਿੱਚ ਇਸ ਦੀ ਜ਼ਿਆਦਾ ਤੋਂ ਜ਼ਿਆਦਾ ਲੰਮੀ ਮਿਆਦ ਦੱਸੀ ਜਾਂਦੀ ਸੀ। ਕੋਈ ਦਵਾ ਦਾਰੂ ਉਪਲੱਬਧ ਨਹੀਂ ਸੀ। ਹੱਟੀ ਵਾਲਾ ਰੁਲਦੂ ਸ਼ਾਹ ਆ ਕੇ ਨਬਜ਼ ਟਟੋਲ ਕੇ ਇਹ ਦੱਸ ਜਾਂਦਾ ਸੀ ਕਿ ਅਜੇ ਬੁਖਾਰ ਹੈ। ਦਿਨ ਵਿੱਚ ਤਿੰਨ-ਚਾਰ ਵਾਰੀ ਦੁੱਧ ਜ਼ਰੂਰ ਪਲਾਇਆ ਜਾਂਦਾ ਸੀ। ਬਾਕੀ ਇਲਾਜ ਰੱਬ ਆਸਰੇ। ਇਹ ਰੱਬੀ ਕਰਾਮਾਤ ਹੀ ਸੀ ਕਿ ਜਾਨ ਬਚ ਗਈ।

ਸੋ ਇਹ ਹਾਲ ਸੀ ਅੰਗਰੇਜ਼ੀ ਰਾਜ ਸਮੇਂ ਜਨਤਾ ਲਈ ਸਿਹਤ ਸਹੂਲਤਾਂ ਦਾ।

# ਲੋਕ ਤੱਥ

**ਜਸਮੀਤ ਕੌਰ**

1. ਜ਼ਿੰਦਗੀ ਦੀ ਹਰ ਸਵੇਰ ਕੁਝ ਸ਼ਰਤਾਂ ਲੈ ਕੇ ਆਉਂਦੀ ਹੈ ਅਤੇ ਜ਼ਿੰਦਗੀ ਦੀ ਹਰ ਸ਼ਾਮ ਕੁਝ ਤਜ਼ਰਬੇ ਦੇ ਕੇ ਜਾਂਦੀ ਹੈ।
2. ਬੁਢਾਪੇ ਦੀ ਸ਼ਿਕਾਇਤ ਨਹੀਂ ਕਰਨੀ ਚਾਹੀਦੀ, ਕਿਉਂਕਿ ਕਈਆਂ ਨੂੰ ਬੁੱਢੇ ਹੋਣ ਦਾ ਮੌਕਾ ਨਹੀਂ ਮਿਲਦਾ।
3. ਅੱਜ ਰੋਟੀ ਦੇ ਪਿੱਛੇ ਭੱਜਦਾ ਹਾਂ ਤਾਂ ਯਾਦ ਆਉਂਦਾ ਹੈ, ਕਿ ਮੈਨੂੰ ਰੋਟੀ ਖਿਲਾਉਣ ਵਾਸਤੇ ਕਦੀ ਮਾਂ ਵੀ ਮੇਰੇ ਪਿੱਛੇ ਭੱਜਦੀ ਸੀ।
4. ਦੁਸ਼ਮਣ ਬਣਾਉਣ ਲਈ ਜ਼ਰੂਰੀ ਨਹੀਂ ਕਿ ਲੜਿਆ ਜਾਵੇ, ਬਸ ਥੋੜ੍ਹੇ ਜਿਹੇ ਕਾਮਯਾਬ ਹੋ ਜਾਓ ਦੁਸ਼ਮਣ ਤਾਂ ਖ਼ੈਰਾਤ ਵਿੱਚ ਮਿਲਣਗੇ।
5. ਲਾਹਨਤ ਹੈ ਉਨ੍ਹਾਂ 'ਤੇ ਜੋ ਸਾਧਾਂ ਨੂੰ ਪਿਤਾ ਜੀ ਅਤੇ ਰੱਬ ਵਰਗੇ ਪਿਉ ਨੂੰ ਬੁੜਾ ਕਹਿ ਕੇ ਬੁਲਾਉਂਦੇ ਹਨ।
6. ਜੇ ਤੂੰ ਬਚਣਾ ਹੈ ਤਾਂ ਆਪਣਿਆਂ ਤੋਂ ਬਚ, ਇਹ ਨਾ ਸੋਚ ਲੋਕੀਂ ਕੀ ਕਹਿਣਗੇ, ਸੱਚ ਜਾਣੀ ਤੈਨੂੰ ਉਜੜਦਾ ਦੇਖ ਕੇ ਸਵਾਦ ਤੇਰੇ ਆਪਣੇ ਹੀ ਲੈਣਗੇ।
7. ਏਡੀਆਂ ਗੂੜੀਆਂ ਛਾਵਾਂ ਜੱਗ 'ਤੇ ਲੱਭਦੀਆਂ ਨਹੀਂ, ਜੇ ਇੱਕ ਵਾਰ ਤੁਰ ਜਾਣਾ ਤਾਂ ਮਾਵਾਂ ਲੱਭਦੀਆਂ ਨਹੀਂ।
8. ਜੇਕਰ ਤੁਸੀਂ ਗੁੱਸੇ ਵਾਲੇ ਤੇ ਹੰਕਾਰੀ ਹੋ ਤਾਂ ਤੁਹਾਨੂੰ ਦੁਸ਼ਮਣਾਂ ਦੀ ਲੋੜ ਨਹੀਂ, ਤੁਹਾਨੂੰ ਬਰਬਾਦ ਕਰਨ ਲਈ ਇਹ ਦੋ ਗੁਣ ਕਾਫੀ ਹਨ।
9. ਆਪਣਾ ਹੋਵੇ ਤਾਂ ਸ਼ੀਸ਼ੇ ਵਰਗਾ ਜਿਹੜਾ ਹੱਸੇ ਵੀ ਨਾਲ ਤੇ ਰੋਵੇ ਵੀ ਨਾਲ।
10. ਕਿਵੇਂ ਦੇ ਲੋਕ ਨੇ ਨਾ ਸਿੱਧੀ 'ਨਾਂਹ' ਬੋਲਦੇ ਨੇ ਨਾ ਸਿੱਧੀ 'ਹਾਂ' ਬੋਲਦੇ ਨੇ ਪਰ ਜਿਥੇ ਫਾਇਦਾ ਹੋਵੇ ਉਥੇ ਮਿੱਠੀ ਜੁਬਾਨ ਬੋਲਦੇ ਨੇ।
11. ਮੁਸੀਬਤ ਵੇਲੇ ਇਹ ਨਾ ਸੋਚੋ ਕਿ ਹੁਣ ਕੌਣ ਕੰਮ ਆਵੇਗਾ ਬਲਕਿ ਇਹ ਸੋਚੋ ਕਿ ਹੁਣ ਕੌਣ ਛੱਡ ਕੇ ਜਾਵੇਗਾ?
12. ਸੈਲੂਨ ਤੇ ਬਿਊਟੀ ਪਾਰਲਰਾਂ ਦੀ ਬਹੁਤਾਤ ਹੋ ਗਈ ਹੁਣ ਲਾਇਬ੍ਰੇਰੀਆਂ ਦੀ ਬਜਾਏ, ਕਿਉਂਕਿ ਅੱਜ ਕੱਲ੍ਹ ਲੋਕ ਅਕਲਾਂ ਦੀ ਬਜਾਏ ਸ਼ਕਲਾਂ ਨੂੰ ਤਰਜੀਹ ਦਿੰਦੇ ਹਨ।

**ਮੈਂ ਭੁਲਾਨਾ ਬੜਾ ਬੇਰੁਖੀ ਓਸ ਦੀ,**
**ਪਰ ਜੇ ਮੁੜ-ਮੁੜ ਸਤਾਏ ਤਾਂ ਮੈਂ ਕੀ ਕਰਾਂ**
**ਚਾਨਣੀ ਰਾਤ ਵਿਚ, ਪੌਣ ਦੇ ਗੀਤ ਸੁਣ,**
**ਜੇ ਕੋਈ ਯਾਦ ਆਏ ਤਾਂ ਮੈਂ ਕੀ ਕਰਾਂ**

**ਕਰਤਾਰ ਸਿੰਘ ਬਲੱਗਣ**

# ਆਓ ਜਾਣੀਏ !

ਇੰਜ. ਪਰਮਿੰਦਰਜੀਤ ਸਿੰਘ
ਐਡੀਸ਼ਨਲ ਚੀਫ਼ ਐਡੀਟਰ

1. ਕਿਹੜੀ ਨਦੀ ਉੱਤੇ ਅਤੇ ਕਿਹੜੀਆਂ ਦੋ ਥਾਵਾਂ ਵਿਚਕਾਰ ਰਾਸ਼ਟਰੀ ਜਲਮਾਰਗ ਨੰਬਰ 2 ਸਥਿਤ ਹੈ?
(ੳ) ਬ੍ਰਹਮਪੁਤਰਾ, ਸਾਦੀਆ-ਢੁਬਰੀ (ਅ) ਗੰਗਾ, ਹਲਦੀਆ-ਅਲਾਹਾਬਾਦ
(ੲ) ਪੱਛਮੀ ਤੱਟ ਕਨਾਲ, ਕੌੱਟਾਪੁਰਮ-ਕੋਲਮ (ਸ) ਗੋਦਾਵਰੀ, ਨਾਸਿਕ-ਰਾਜਮੁੰਡਰੀ

2. ਭੂਮੱਧ-ਰੇਖਾ ਹੇਠ ਲਿਖੇ ਕਿਹੜੇ ਦੇਸ਼ਾਂ ਵਿੱਚ ਨਹੀਂ ਲੰਘਦੀ?
(ੳ) ਕੋਲੰਬੀਆ (ਅ) ਬਰਾਜ਼ੀਲ
(ੲ) ਡੈਮੋਕਰੈਟਿਕ ਰਿਪਬਲਿਕ ਆਫ਼ ਕੋਂਗੋ
(ਸ) ਬੋਲਿਵੀਆ (ਹ) ਅੰਗੋਲਾ

3. ਹੇਠ ਲਿਖੇ ਰਾਜਾਂ ਵਿਚੋਂ ਗੁੱਗਾਮਲ ਰਾਸ਼ਟਰੀ ਪਾਰਕ ਕਿੱਥੇ ਸਥਿਤ ਹੈ?
(ੳ) ਕਰਨਾਟਕ (ਅ) ਆਂਧਰਾ ਪ੍ਰਦੇਸ਼
(ੲ) ਮਹਾਂਰਾਸ਼ਟਰ (ਸ) ਉੜੀਸ਼ਾ

4. ਜਨ-ਅੰਕੜਾ ਵਿਗਿਆਨ ਵਿਚ, ਸੰਤਾਨ ਦੀ ਉਤਪਤੀ ਦੀ ਜੀਵ ਸਬੰਧੀ (ਬਾਇਓਲੋਜਿਕਲ) ਸਮਰੱਥਾ ਨੂੰ ਕਹਿੰਦੇ ਹਨ।
(ੳ) ਜਣਨ ਸ਼ਕਤੀ (ਫਰਟਿਲਿਟੀ) (ਅ) ਜਨਮ ਦਰ
(ੲ) ਸਜੀਵਤਾ (ਵਾਇਟੈਲਿਟੀ) (ਸ) ਉਪਜਾਊ ਸ਼ਕਤੀ (ਫਿਕੇਡਿਟੀ)

5. ਹੇਠ ਲਿਖਿਆਂ ਵਿਚੋਂ ਕਿਹੜਾ ਏਸ਼ੀਆਈ ਤੁਰਕੀ ਅਤੇ ਯੂਰਪੀ ਤੁਰਕੀ ਨੂੰ ਵੱਖ ਕਰਦਾ ਹੈ?
(ੳ) ਬੈਰਿੰਗ ਪਣਜੋੜ (ਸਟਰੇਟ) (ਅ) ਬੋਸਪੋਰਸ ਪਣਜੋੜ (ਸਟਰੇਟ)
(ੲ) ਮਲੱਕਾ ਪਣਜੋੜ (ਸਟਰੇਟ) (ਸ) ਜਿਬਰਾਲਟਰ ਪਣਜੋੜ (ਸਟਰੇਟ)

6. 98ਵੀਂ ਸੰਵਿਧਾਨਕ ਸੰਸ਼ੋਧਨ ਅਧਿਨਿਯਮ 2012 ਤਹਿਤ ਸੰਵਿਧਾਨ ਵਿਚ ਇਕ ਨਵਾਂ ਆਰਟੀਕਲ 371-ਜੇ ਸ਼ਾਮਲ ਕੀਤਾ ਗਿਆ ਹੈ। ਇਹ ਹੇਠ ਲਿਖੇ ਇਲਾਕਿਆਂ ਵਿਚੋਂ ਕਿਹੜੇ ਇਲਾਕੇ ਲਈ ਵਿਸ਼ੇਸ਼ ਵਿਵਸਥਾ ਬਣਾਉਣ ਨਾਲ ਸਬੰਧਤ ਹੈ?
(ੳ) ਤੈਲੰਗਾਨਾ-ਰਾਇਲਾਸੀਮਾ (ਅ) ਕਰਨਾਟਕ-ਹੈਦਰਾਬਾਦ
(ੲ) ਵਿਦਰਭ-ਮਰਾਠਵਾੜਾ (ਸ) ਰਾਇਲਾਸੀਮਾ-ਸੀਮਾਂਧਰਾ

7. ਭਾਰਤ ਦੇ ਮਹਾਂ ਨਿਆ ਅਧਿਕਾਰੀ (ਅਟਾਰਨੀ ਜਨਰਲ) ਸਬੰਧੀ ਹੇਠ ਲਿਖੇ ਕਥਨਾਂ ਨੂੰ ਵਿਚਾਰੋ :
1) ਇਸ ਦੀ ਨਿਯੁਕਤੀ ਭਾਰਤ ਦੇ ਰਾਸ਼ਟਰਪਤੀ ਵੱਲੋਂ ਕੀਤੀ ਜਾਂਦੀ ਹੈ।
2) ਇਸ ਦੇ ਕੋਲ ਉਹੀ ਯੋਗਤਾ ਹੋਣੀ ਚਾਹੀਦੀ ਹੈ ਜੋ ਕਿ ਉੱਚ ਅਦਾਲਤ (ਹਾਈਕੋਰਟ) ਦੇ ਨਿਆਂ ਅਧਿਕਾਰੀ (ਜੱਜ) ਲਈ ਲੋੜੀਂਦੀ ਹੈ।
3) ਇਸ ਨੂੰ ਸੰਸਦ ਦੇ ਕਿਸੇ ਵੀ ਸਦਨ ਵਿਚ ਬੋਲਣ ਦਾ ਅਧਿਕਾਰ ਹੈ।
4) ਇਸ ਨੂੰ ਇਸਪੀਚਮੈਂਟ ਰਾਹੀਂ ਹਟਾਇਆ ਜਾ ਸਕਦਾ ਹੈ।
5) ਉਸ ਨੂੰ ਦੇਸ਼ ਦੀਆਂ ਸਾਰੀਆਂ ਅਦਾਲਤਾਂ ਵਿਚ ਸੁਣੇ ਜਾਣ ਦਾ ਅਧਿਕਾਰ ਹੈ।
ਉਪਰੋਕਤ ਲਿਖਤ ਕਥਨਾਂ ਵਿਚ ਕਿਹੜੇ ਸਹੀ ਹਨ?
(ੳ) 1, 2 ਅਤੇ 4 (ਅ) 2, 3 ਅਤੇ 5
(ੲ) 1, 2, 3 ਅਤੇ 5 (ਸ) 1, 3 ਅਤੇ 5

8. ਸੰਸਦ ਵਿਚ ਬਿਲਾਂ ਦੀ ਸਮਾਪਤੀ (ਲੈਪਸ) ਸਬੰਧੀ ਹੇਠ ਲਿਖੇ ਕਥਨਾਂ 'ਤੇ ਵਿਚਾਰ ਕਰੋ :
1) ਅਣਮਿਥੇ ਸਮੇਂ ਲਈ ਸੰਸਦ ਦੇ ਸਥਗਨ ਕਾਰਨ ਸੰਸਦ ਵਿਚ ਵਿਚਾਰ ਅਵਸਥਾ ਵਿੱਚ ਪਿਆ ਬਿਲ ਸਮਾਪਤ (ਲੈਪਸ) ਹੋ ਜਾਂਦਾ ਹੈ।
2) ਲੋਕ ਸਭਾ ਦੇ ਭੰਗ ਹੋਣ ਕਾਰਨ, ਰਾਜ ਸਭਾ ਦੇ ਵਿੱਚ ਬਿੱਲ, ਜੋ ਲੋਕ ਸਭਾ ਵੱਲੋਂ ਪਾਸ ਨਹੀਂ ਹੋਇਆ, ਸਮਾਪਤ (ਲੈਪਸ) ਹੋ ਜਾਂਦਾ ਹੈ।
ਉਪਰੋਕਤ ਕਥਨਾਂ ਵਿਚੋਂ ਕਿਹੜਾ (ੜੇ) ਕਥਨ ਸਹੀ ਹੈ/ਹਨ?
(ੳ) ਸਿਰਫ਼ 1 (ਅ) ਸਿਰਫ਼ 2
(ੲ) 1 ਅਤੇ 2 ਦੋਵੇਂ (ਸ) 1 ਅਤੇ 2 ਵਿਚੋਂ ਕੋਈ ਵੀ ਨਹੀਂ

9. ਹੇਠ ਲਿਖੀਆਂ ਥਾਵਾਂ ਵਿਚੋਂ ਕਿਹੜੇ ਬੋਬੇ ਉੱਚ ਅਦਾਲਤ ਦੀ ਰਾਜਖੇਤਰੀ ਸੰਸਥਾਪਨ ਅਧਿਕਾਰ ਖੇਤਰ (ਟੈਰੀਟੋਰੀਅਲ ਇਸਟੈਬਲਿਸ਼ਮੈਂਟ ਜਿਉਰਿਸਡਿਕਸ਼ਨ) ਅਧੀਨ ਨਹੀਂ ਆਉਂਦੇ?

1) ਦਮਨ ਅਤੇ ਦਿਊ　　2) ਦਾਦਰਾ ਅਤੇ ਨਗਰ ਹਵੇਲੀ

3) ਗੋਆ　　4) ਲਕਸ਼ਦੀਪ

ਹੇਠ ਲਿਖੇ ਵਿਚੋਂ ਸਹੀ ਉੱਤਰ ਚੁਣੋ :

(ੳ) ਸਿਰਫ਼ 1　　(ਅ) 1 ਅਤੇ 2

(ੲ) ਸਿਰਫ਼ 4　　(ਸ) 3 ਅਤੇ 4

10. ਹੇਠ ਲਿਖੀਆਂ ਥਾਵਾਂ ਵਿੱਚੋਂ ਕਿਹੜੀ ਥਾਂ ਸੰਯੁਕਤ ਰਾਸ਼ਟਰ ਵੱਲੋਂ ਪ੍ਰੋਜੈਕਟ "ਡੈਸਟੀਨੇਸ਼ਨ ਫਲਾਈਵੇਜ਼" ਤਹਿਤ ਸਸਟੇਨੇਬਲ ਸੈਰ-ਸਪਾਟਾ ਦੇ ਵਿਕਾਸ ਲਈ ਚੁਣੀ ਗਈ ਹੈ?

(ੳ) ਸੁੰਦਰਬਨ ਦਹਾਨਾ (ਡੈਲਟਾ)　　(ਅ) ਚਿਲਿਕਾ ਝੀਲ (ਲੈਗੂਨ)

(ੲ) ਪੱਛਮੀ ਘਾਟ　　(ਸ) ਅਸ਼ਟਾਮੁਦੀ ਝੀਲ

**(ਉੱਤਰ ਬਾਕੀ ਸਫ਼ਾ 35 'ਤੇ)**





**ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਸੈਕਟਰ-30-ਏ, ਚੰਡੀਗੜ੍ਹ ਵਿਖੇ**

# ਕਮਰਿਆਂ ਦੀ ਬੁਕਿੰਗ

**ਲਈ ਹੇਠ ਲਿਖੇ ਮੋਬਾਇਲ ਨੰਬਰ 'ਤੇ ਸੰਪਰਕ ਕਰੋ।**

**ਮੋਬਾਇਲ ਨੰ:-73470-65188**

# ਕੁੱਝ ਗੱਲਾਂ



**ਅਨੁਵਾਦਿਕ ਕੀਤਾ**
**ਅਮਰੀਕ ਸਿੰਘ**
**ਮੈਂਬਰ (ਸੇਵਾ ਮੁਕਤ) ਬੀ.ਬੀ.ਐਮ.ਬੀ.**

ਮੇਰੇ ਇਕ ਬਹੁਤ ਪਿਆਰੇ ਮਿੱਤਰ ਜਿਸ ਨੂੰ ਮਿਲ ਕੇ ਮੈਂ ਹਰ ਵਾਰੀ ਆਪਣੇ ਆਪ ਨੂੰ ਕੁਝ ਚੰਗਾ ਮਹਿਸੂਸ ਕੀਤਾ ਹੈ। ਸੁਭਾਅ ਦੇ ਮਿਲਾਪੜੇ, ਘਰ ਬੁਲਾ ਕੇ ਬੜੇ ਖੁਸ਼ ਹੁੰਦੇ; ਮੇਜ਼ਬਾਨ ਅੱਵਲ ਦਰਜੇ ਦੇ ਅਤੇ ਗੱਲਬਾਤ ਕਰਨ ਦੇ ਧਨੀ ਹਨ। ਉਹਨਾਂ ਨੇ ਅੰਗਰੇਜ਼ੀ ਦੀ ਐਮ.ਏ. (Gold Medalist) ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਕੀਤੀ ਅਤੇ ਫਿਰ IAS ਬਣੇ। ਬੜੇ ਉੱਚੇ ਅਹੁਦਿਆਂ ਤੇ ਰਹੇ; ਪੰਜਾਬ ਸਰਕਾਰ ਦੇ ਮੁੱਖ ਸਕੱਤਰ ਤੇ ਬਾਅਦ Center ਦੀ ਸਰਕਾਰ ਦਿੱਲੀ ਵਿਚ ਅਤੇ ਫਿਰ UNO ਵਿਚ ਵੀ ਕੰਮ ਕੀਤਾ ਹੈ। ਅੱਜਕਲ ਉਹ ਸ਼ਿਕਾਗੋ, ਯੂ.ਐਸ.ਏ. ਵਿਚ ਦੋ ਹੋਰ ਮਿੱਤਰਾਂ ਨਾਲ ਸਾਇੰਸ ਦੇ ਕਿਸੇ ਖਿੱਤੇ ਵਿਚ ਖੋਜ ਕਰ ਰਹੇ ਹਨ।

ਉਹਨਾਂ ਨੇ ਚਾਰ ਸਾਲ ਪਹਿਲਾਂ ਮੈਨੂੰ ਹੇਠ ਲਿਖਿਆ ਵਾਕਿਆਤ ਸੁਣਾਇਆ ਸੀ।

ਉਨੀਂਵੀ ਸਦੀ ਦੀ ਗੱਲ ਹੈ। ਇੰਗਲੈਂਡ ਮੁਲਖ ਦਾ ਇਕ ਅਮੀਰ ਆਦਮੀ ਆਪਣੀ ਬਘੀ ਜਿਸ ਨੂੰ ਦੋ ਸੁੰਦਰ ਘੋੜੇ ਖਿੱਚ ਰਹੇ ਸਨ ਵਿਚ ਬੈਠਾ ਹੋਇਆ ਹੈ। ਉਸਦਾ ਪੁੱਤਰ ਜੋ ਅਜੇ ਬੱਚਾ ਸੀ ਵੀ ਨਾਲ ਬੈਠਾ ਹੋਇਆ ਹੈ। ਸੜਕ ਕੱਚੀ ਅਤੇ ਉੱਚੀ ਨੀਵੀਂ ਸੀ। ਬਘੀ ਉਲਟ ਗਈ। ਉਹ ਕੀ ਦੇਖਦਾ ਹੈ ਕਿ ਉਸਦਾ ਪੁੱਤਰ ਬੜੇ ਵੱਡੇ ਦਲਦਲ ਦੇ ਟੋਏ ਵਿਚ ਜਾ ਡਿੱਗਿਆ। ਅਜੇ ਉਸਨੇ ਬਚਾਓ ਕਹਿਣਾ ਹੀ ਸੀ ਕਿ ਇਕ ਗਰੀਬ ਘੁਮਿਆਰ, ਜੋ ਨੇੜੇ ਹੀ ਮਿੱਟੀ ਦੇ ਬਰਤਨ ਬਣਾ ਰਿਹਾ ਸੀ, ਨੇ ਛਲਾਂਗ ਲਗਾ ਕੇ ਉਸ ਬੱਚੇ ਨੂੰ ਦਲਦਲ ਵਿਚੋਂ ਕੱਢ ਲਿਆਂਦਾ। ਅਮੀਰ ਆਦਮੀ ਨੇ ਕਿਹਾ ਕਿ ਅਜੇ ਮੈਂ ਬਚਾਓ ਕਹਿਣ ਵਾਲਾ ਹੀ ਸੀ ਕਿ ਤੁਸੀਂ ਆਪਣੇ ਆਪ ਬੱਚੇ ਨੂੰ ਦਲਦਲ ਵਿਚੋਂ ਬਾਹਰ ਕੱਢ ਲਿਆਂਦਾ। ਗਰੀਬ ਘੁਮਿਆਰ ਨੇ ਕਿਹਾ ਮੈਂ ਬੇਸਹਾਰਾ ਬੱਚੇ ਨੂੰ ਬਚਾਉਣ ਦਾ ਫ਼ਰਜ਼ ਹੀ ਪੂਰਾ ਕੀਤਾ ਹੈ। ਕੀ ਮੈਂ ਤੁਹਾਡੀ ਆਵਾਜ਼ ਸੁਣ ਕੇ ਬਚਾਉਣਾ ਸੀ?

ਅਮੀਰ ਆਦਮੀ ਬੇਹੱਦ ਖੁਸ਼ ਸੀ ਕਿ ਉਸ ਗਰੀਬ ਘੁਮਿਆਰ ਨੇ ਉਹਦਾ ਬੱਚਾ ਬਚਾ ਲਿਆ ਹੈ।

**ਅਮੀਰ ਆਦਮੀ** : ਮੈਂ ਤੁਹਾਡਾ ਇਹ ਅਹਿਸਾਨ ਕਿਸੇ ਤਰ੍ਹਾਂ ਵੀ ਨਹੀਂ ਚੁਕਾ ਸਕਦਾ ਹਾਂ। ਦਸੋ ਤੁਹਾਡੇ ਬੱਚੇ ਕਿੰਨੇ ਹਨ?

**ਘੁਮਿਆਰ** : ਜੀ ਮੇਰਾ ਇਕ ਹੀ ਲੜਕਾ ਹੈ; ਤੁਹਾਡੇ ਬੱਚੇ ਦੀ ਉਮਰ ਜਿੰਨਾ ਹੀ ਹੋਵੇਗਾ।

**ਅਮੀਰ ਆਦਮੀ** : ਮੇਰੇ ਤੇ ਇਕ ਮੇਹਰਬਾਨੀ ਕਰੋ। ਮੈਂ ਬਹੁਤ ਅਮੀਰ ਹਾਂ। ਜੋ ਮੈਂ ਤੁਹਾਡੇ ਕੋਲੋਂ ਮੰਗਣ ਲੱਗਾ ਹਾਂ ਤੁਸੀਂ ਨਾਂਹ ਨਾ ਕਰਿਓ ਜੇ। ਮੇਰਾ ਲੜਕਾ ਅਤੇ ਤੁਹਾਡਾ ਲੜਕਾ ਇਕੋ ਸਕੂਲ ਅਤੇ ਹੋਰ ਉੱਚੀ ਪੜ੍ਹਾਈ ਇਕੱਠੇ ਹੀ ਕਰਨਗੇ ਅਤੇ ਤੁਹਾਡੇ ਲੜਕੇ ਦਾ ਸਾਰਾ ਖਰਚ ਮੈਂ ਭਰਾਂਗਾ।

**ਘੁਮਿਆਰ** : ਜੇ ਤੁਸੀ ਇਸ ਵਿਚ ਖੁਸ਼ ਹੋ ਤਾਂ ਮੈਨੂੰ ਮਨਜ਼ੂਰ ਹੈ।

ਇਸ ਤਰ੍ਹਾਂ ਹੀ ਹੋਇਆ; ਕਈ ਸਾਲ ਲੰਘਦੇ ਗਏ ਅਤੇ ਬੱਚਿਆਂ ਨੇ ਪੜ੍ਹਾਈ ਪੂਰੀ ਕਰ ਲਈ। ਅਮੀਰ ਆਦਮੀ ਦਾ ਲੜਕਾ ਵੱਡਾ ਹੋ ਕਿ ਸਿਆਸਤ ਵਿਚ ਚਲਾ ਗਿਆ ਅਤੇ ਕਈ ਸਾਲਾਂ ਬਾਦ ਇੰਗਲੈਂਡ ਦਾ 20ਵੀਂ ਸਦੀ ਵਿਚ ਪ੍ਰਧਾਨ ਮੰਤਰੀ ਬਣਿਆ। ਉਸ ਦਾ ਨਾਮ ਵਿੰਨਸਟੱਨ ਚਰਚਲ ਸੀ।

ਗਰੀਬ ਘੁਮਿਆਰ ਦਾ ਲੜਕਾ ਸਾਇੰਸਦਾਨ ਬਣ ਗਿਆ। ਉਸਨੇ ਪੈਂਨਸਲੀਨ (Penicillin) ਦੀ ਕਾਢ (Discovery) ਕੱਢੀ। ਉਸ ਦਾ ਨਾਮ ਅਲੈਕਸਐਂਡਰ ਫਲੈਮਿੰਗ Alexander Fleming ਸੀ।

ਤੁਹਾਡੇ ਸਾਰਿਆਂ ਵਾਂਗੂੰ ਮੇਰੀ ਜ਼ਿੰਦਗੀ ਵਿਚ ਵੀ ਕਈ ਅਨੋਖੇ ਮਨੁੱਖ ਆਏ। ਕੁਝ ਦਾ ਤੁਹਾਡੇ ਨਾਲ ਪ੍ਰੀਚਯ ਕਰਵਾਉਂਦਾ ਹਾਂ।

### ਪਹਿਲਾ

ਮੇਰੀ ਨੌਕਰੀ ਦੇ ਤੀਜੇ ਸਾਲ ਇਕ ਸਾਡੇ ਨਵੇਂ ਸਾਥੀ ਦੀ ਨੌਕਰੀ ਵੀ ਉਸੇ ਜਗ੍ਹਾ ਤੇ ਸ਼ੁਰੂ ਹੋਈ। ਉਸ ਦਾ ਕੱਦ ਸਾਢੇ ਪੰਜ ਫੁੱਟ; ਸਾਦਗੀ ਦੀ ਮਿਸਾਲ, ਪਹਿਰਾਵਾ: ਭੂਰੇ ਰੰਗ ਦੀ ਪਗ, ਪਤਲੀ ਜ਼ੀਨ ਦੀ ਤਕਰੀਬਨ ਭੂਰੇ ਰੰਗ ਦੀ ਕਮੀਜ਼ ਅਤੇ ਜੀਨ ਦੀ ਨੀਲੇ ਯਾ ਭੂਰੇ ਰੰਗ ਦੀ ਪੈਂਟ, ਦਾੜੀ ਤੇ ਕੋਈ ਫਿਕਸੋ ਨਹੀਂ ਜ਼ਰਾ ਕੁ ਵਲੇਟੀ ਹੋਈ ਅਤੇ ਕੱਪੜੇ ਬਿਨ੍ਹਾ ਪਰੈਸ ਕੀਤੇ ਹੋਏ ਹੁੰਦੇ। ਬਹੁਤ ਲਾਇਕ, ਤੇਜ ਬੁੱਧੀ ਦਾ ਮਾਲਕ, ਆਲਸ ਰਤਾ ਵੀ ਨਹੀਂ, ਸਦਾ ਕੰਮ ਵਿਚ ਵਿਅਸਥ (Busy), ਦਸ ਆਦਮੀਆਂ ਦਾ ਕੰਮ ਇਕੱਲਾ ਹੀ ਬੜੀ ਹੁਸ਼ਿਆਰੀ ਨਾਲ ਕਰ ਸਕਦਾ ਅਤੇ ਕਰਦਾ ਵੀ, ਹਰ ਸਾਥੀ ਜਿਸ ਨੂੰ ਆਪਣੇ ਪੇਸ਼ੇ ਵਿਚ ਦਿਕਤ ਆਉਂਦੀ ਉਸਦੀ ਬਿਨ੍ਹਾ ਮੰਗਿਆਂ ਮਦਦ ਕਰ ਆਉਂਦਾ, ਬਹਾਦੁਰ ਬਹੁਤ, ਮੈਂ ਉਸ ਨੂੰ ਕਦੀ ਗੁੱਸੇ ਵਿਚ ਨਹੀਂ ਦੇਖਿਆ। ਸ਼ਾਕਾਹਾਰੀ ਹੈ ਕਹਿੰਦਾ ਹੁੰਦਾ, ਸਿਰ ਤੇ ਬਰਫ ਰਖ ਕੇ ਚਲੋ। ਜਿਸ ਨੇ ਪੈਸੇ ਉਸ ਕੋਲੋਂ ਉਧਾਰ ਲਏ ਉਹ ਆਪ ਕਦੀ ਨਾ ਵਾਪਸ ਮੰਗਦਾ। ਕਈਆਂ ਨੇ ਤਾਂ ਵਾਪਸ ਨਹੀਂ ਕੀਤੇ। ਤਰੱਕੀ ਹੋਣ ਤੇ ਸਰਕਾਰ ਵਲੋਂ ਜੀਪ ਜਾਂ ਕਾਰ ਵਰਤਣ ਦੀ ਸੁਵਿਧਾ ਮਿਲੀ ਪਰ ਉਸਨੇ

ਜ਼ਿਆਦਾਤਰ ਸਾਈਕਲ ਹੀ ਵਰਤੀ। ਬਹੁਤ ਚੰਗੇ ਘਰਾਨੇ ਤੋਂ ਹੈ; ਪਿਉ ਆਰਮੀ ਤੋਂ ਡਾਕਟਰ ਕਰਨਲ ਰਿਟਾਇਰ, ਹੋਰ ਰਿਸ਼ਤੇਦਾਰ ਜਰਨੈਲ ਅਤੇ ਹੋਰ ਉਚੇ ਅਹੁਦਿਆਂ ਵਾਲੇ। ਪਰ ਉਸਨੇ ਕਦੀ ਜ਼ਿਕਰ ਨਹੀਂ ਕੀਤਾ। ਮੈਂ ਉਸ ਨੂੰ ਅਕਸਰ ਮਿਲਦਾ ਰਹਿੰਦਾ ਇਕ ਵਾਰੀ ਦੀ ਗੱਲ ਹੈ ਉਸਦੀ ਮਾਂ ਉਸ ਨੂੰ ਮਿਲਣ ਆਈ। ਉਸ ਨੇ ਮਾਂ ਨੂੰ ਇਕ ਅੰਡਾ ਉਬਾਲ ਕੇ ਅਤੇ ਨਾਲ ਬ੍ਰੈਡ ਦੇ ਦੋ ਪੀਸ ਦਿਤੇ। ਮਾਂ ਨੇ ਕਿਹਾ ਮੇਰਾ ਇਹਦੇ ਨਾਲ ਕੀ ਬਣੇਗਾ। ਕਹਿੰਦਾ ਹੈ ਮਾਂ ਜ਼ਿਆਦਾ ਨਹੀਂ ਖਾਈਦਾ। ਉਸ ਦੀ ਮਾਂ ਕਹਿੰਦੀ ਕਿ ਹੁਣ ਤੇ ਇਸ ਦੀ ਸ਼ਾਦੀ ਕਰਨ ਦੀ ਅਸੀਂ ਆਸ ਛੱਡ ਦਿੱਤੀ ਹੈ। ਇਸਨੂੰ ਲੋਕ ਭਾਪਾ ਕਹਿੰਦੇ ਹਨ ਪਰ ਅਸੀਂ ਗਿੱਲ ਜੱਟ ਹਾਂ। ਇਸ ਦਾ ਪਿਉ ਵੀ ਐਸਾ ਹੀ ਸੀ। ਮਾਂ ਨੇ ਕਿਹਾ ਸਾਡੀ ਦਿੱਲੀ ਬੜੀ ਵੱਡੀ ਕੋਠੀ ਹੈ, ਕਾਰ ਹੈ। ਪਰ ਜਦੋਂ ਇਹ ਆਉਂਦਾ ਹੈ ਦਿੱਲੀ ਤਾਂ ਵੀ ਸਾਈਕਲ ਤੇ ਹੀ ਇੱਧਰ ਉੱਧਰ ਜਾਂਦਾ ਹੈ। ਕੀ ਕਰੀਏ ਜਦੋਂ ਇਸ ਨੇ ਦਿੱਲੀ ਆਉਣਾ ਹੁੰਦਾ ਹੈ ਤਾਂ ਸਾਈਕਲ ਠੀਕ ਕਰਾ ਕੇ ਰੱਖ ਦਿੰਦੇ ਹਾਂ। ਮੈ ਉਹਨੂੰ ਪਿਛਲੇ ਇਕਵੰਜਾ ਸਾਲਾਂ ਤੋਂ ਜਾਣਦਾ ਹਾਂ। ਉਸ ਨੇ ਸ਼ਾਦੀ ਨਾ ਕਰਵਾਈ; ਕਹਿੰਦਾ ਜਿਸ ਨੇ ਲੱਡੂ ਖਾਦੇ ਅਤੇ ਜਿਸ ਨੇ ਨਹੀਂ ਖਾਦੇ ਸਾਰੇ ਇਕੋ ਜੈਸੇ ਹਨ। ਉਹ ਇਕ ਸੰਤ ਲੱਗਦਾ ਹੈ; ਕਾਮ, ਕਰੋਧ, ਲੋਭ, ਮੋਹ ਅਤੇ ਹੰਕਾਰ ਰਹਿਤ। ਉਸਦੀ ਕਿਸੇ ਪਾਸਿਉਂ ਵੀ ਕਦੀ ਕਿਸੇ ਕਿਸਮ ਦੀ ਭੈੜੀ ਗੱਲ ਦੀ ਭਿੰਨਕ ਤੱਕ ਵੀ ਕੰਨੀਂ ਨਹੀਂ ਪਈ। ਉਸ ਦੀਆਂ ਇੰਨੀਆਂ ਸਿਫ਼ਤਾਂ ਹਨ ਕਿ ਕਈ ਸਫੇ ਚਾਹੀਦੇ ਹਨ ਬਿਆਨ ਕਰਨ ਲਈ ਫਿਰ ਵੀ ਅਧੂਰੇ ਹੀ ਹੋਣਗੇ। ਮੰਸੂਰੀ ਦੇ ਇਕ ਅੰਗਰੇਜ਼ੀ ਸਕੂਲ ਵਿਚ ਪੜ੍ਹਿਆ ਸੀ। ਅਕਸਰ ਬਾਈਬਲ ਪੜ੍ਹਦਾ। ਆਮ ਕਿਹਾ ਕਰਦਾ ਸੀ ਕਿ God's mills grind slowly but exceedingly small. God knows: Your hairs are numbered. ਧਰਮ ਬਾਰੇ ਕਦੀ ਕੋਈ ਗੱਲਬਾਤ ਨਾ ਕਰਦਾ। ਇਕ ਦਿਨ ਮੈਂ ਪੁੱਛਿਆ ਕੀ ਤੂੰ ਯਾਰ ਰੱਬ ਵਿਚ ਯਕੀਨ ਰੱਖਦਾ ਹੈ। ਇਕ ਦਮ ਬੋਲਿਆ: Very badly.

ਚੀਫ ਇੰਜੀਨੀਅਰ ਦੇ ਪਦ ਤੋਂ ਸੇਵਾ ਮੁਕਤ ਹੋਇਆ ਹੈ। ਪਹਿਰਾਵਾ ਅਜੇ ਵੀ ਉਸੇ ਤਰ੍ਹਾਂ ਦਾ ਹੈ; ਹਾਂ ਦਾੜ੍ਹੀ ਚਿੱਟੀ ਅਤੇ ਥੋੜ੍ਹਾ ਬੁਢਾਪਾ ਜ਼ਰੂਰ ਨਜ਼ਰ ਆਉਂਦਾ ਹੈ।

ਪਹਿਲਾਂ ਉਹ All India Engineers Fedration ਦਾ ਜਨਰਲ ਸਕੱਤਰ ਸੀ, ਫਿਰ ਪ੍ਰਧਾਨ ਅਤੇ ਫਿਰ ਸੁਣਿਆ ਕਿ ਹੁਣ ਉਹ All India Engineers Fedration of Patron ਹੈ। ਕੁਝ ਸਾਲ ਹੋਏ ਮੈਂ ਉਸ ਨਾਲ ਸੰਬੰਧ ਨਾ ਨਿਭਾਅ ਸਕਿਆ ਅਤੇ ਉਸ ਬਾਰੇ ਸਭ ਭੁਲਾਅ ਦਿੱਤਾ। ਪਰ ਇਸ ਤਰ੍ਹਾਂ ਹੋ ਨਾ ਸਕਿਆ; ਬੜੀ ਵਾਰੀ ਯਾਦ ਆਉਂਦੇ ਹਨ।

**ਦੂਸਰਾ**

ਯਾਦ ਨਹੀਂ ਹੈ ਮੈਨੂੰ ਕਿ ਮੈਂ ਟੀ.ਵੀ. ਯਾ Internet ਰਾਹੀਂ ਇਸ ਆਦਮੀ ਬਾਰੇ ਜਾਣਕਾਰੀ ਪਾਈ ਹੈ। ਉਹ ਇਸ ਤਰ੍ਹਾਂ ਹੈ।

ਇਕ ਆਦਮੀ ਲੂੰਗੀ ਪਾਈ, ਵਾਲ ਖਿਲਰੇ ਹੋਏ ਅਤੇ ਗਲ ਵਿਚ ਕਮੀਜ਼ ਵੀ ਨਹੀਂ ਹੈ। 28 ਸਾਲਾਂ ਤੋ ਮਧਿਆ ਪ੍ਰਦੇਸ਼ ਦੇ ਆਦਿਵਾਸੀ ਇਲਾਕੇ ਵਿਚ ਦਰੱਖ਼ਤ ਲਗਾ ਰਿਹਾ ਹੈ। ਉਹਨੂੰ ਦੇਖ ਕੇ ਬਾਕੀ ਸਾਰੇ ਵਾਸੀ ਵੀ ਥੋੜ੍ਹੇ-ਥੋੜ੍ਹੇ ਦਰੱਖ਼ਤ ਲਗਾਉਣ ਲੱਗ ਪਏ। ਕਦੀ ਉਹ ਕੁਹਾੜੀ ਨਾਲ ਦਰੱਖਤ ਕਟ ਕੇ ਘਰ ਬਾਲਣ ਲਈ ਵਰਤਦੇ ਹੁੰਦੇ ਸਨ ਪਰ ਅੱਜਕਲ ਦਰੱਖਤ ਬਹੁਤ ਹੋ ਗਏ ਹਨ ਅਤੇ ਉਹ ਡਿੱਗੇ ਪੱਤਿਆਂ ਨਾਲ ਘਰ ਦੇ ਚੁਲੇ ਥਲੇ ਅੱਗ ਬਾਲ ਕੇ ਰੋਟੀ ਆਦਿ ਪਕਾ ਲੈਂਦੇ ਹਨ। ਕਦੀ ਹਰ ਘਰ ਵਿੱਚ ਕਈ-ਕਈ ਕੁਹਾੜੀਆਂ ਹੁੰਦੀਆਂ ਸਨ ਪਰ ਅੱਜਕਲ ਇਕ ਕੁਹਾੜੀ ਵੀ ਘਰਾਂ ਵਿਚ ਨਹੀਂ ਹੈ। ਇਹ ਸਭ ਕੁਝ ਇਕ ਆਦਮੀ ਦੀ ਸ਼ੁਰੂਆਤ ਨਾਲ ਹੋਇਆ ਹੈ। ਵਾਤਾਵਰਨ, ਮੌਸਮ ਅਤੇ ਖੁਸ਼ਹਾਲੀ ਉਸ ਇਲਾਕੇ ਵਿਚ ਆ ਗਈ ਹੈ। ਇਕ ਅਲੈਕਸ਼ਨ ਦੌਰਾਨ ਪੁਲਿਸ ਨੂੰ ਉਸ ਲੂੰਗੀ ਪਾਈ ਆਦਮੀ ਤੇ ਸ਼ੱਕ ਹੋਇਆ ਕਿ ਇਸ ਤਰ੍ਹਾਂ ਇਹ ਆਦਿਵਾਸੀ ਲੋਕ ਨਹੀਂ ਸਨ ਕਰਦੇ ਹੁੰਦੇ। ਕੀ ਗੱਲ ਹੈ? ਪੁਲਿਸ ਨੇ ਉਸ ਆਦਮੀ ਤੋਂ ਬਹੁਤ ਪੁੱਛ-ਗਿੱਛ ਕੀਤੀ। ਬੜੀ ਮੁਸ਼ਕਲ ਨਾਲ ਉਸ ਆਦਮੀ ਨੇ ਆਪਣੀ ਅਸਲੀਅਤ ਦੱਸੀ ਕਿ ਉਸ ਨੇ 99" ਤੋਂ ਇੰਜਨੀਅਰਿੰਗ ਕੀਤੀ ਸੀ। ਦੋ ਸਾਲ ਉਸੇ ਹੀ 99" ਵਿਚ ਪ੍ਰੋਫ਼ੈਸਰ ਵੀ ਰਿਹਾ; ਪਰ ਉਹ ਖੁਸ਼ ਨਹੀਂ ਸੀ ਅਤੇ ਉਸ ਦਾ ਮਨ ਉਚਾਟ ਰਹਿੰਦਾ। ਫਿਰ ਅਚਾਨਕ ਉਹਦੇ ਦਿਲ ਵਿਚ ਖ਼ਿਆਲ ਆਇਆ ਕਿ ਕਿਉਂ ਨਾ ਕਿਸੇ ਪਿਛੜੇ ਇਲਾਕੇ ਵਿਚ ਕੁਝ ਚੰਗਾ ਕੰਮ ਕਰੇ ਜਿਸ ਨਾਲ ਉਥੋਂ ਦੇ ਲੋਕਾਂ ਦੀ ਹਾਲਤ ਬੇਹਤਰ ਹੋ ਜਾਵੇ। ਇਸ ਤਰ੍ਹਾਂ ਦੇ ਖ਼ਿਆਲ ਨਾਲ ਉਹ ਇਤਫਾਕ ਨਾਲ ਇਸ ਇਲਾਕੇ 28 ਸਾਲ ਪਹਿਲਾਂ ਆ ਗਿਆ ਸੀ ਹੋਰ ਪੁੱਛ ਤਾਜ ਕਰਨ ਤੇ ਉਸ ਨੇ ਦੱਸਿਆ ਕਿ ਉਸ ਦਾ ਛੋਟਾ ਭਰਾ ਉਸੇ 99" ਵਿਚ ਪ੍ਰੋਫ਼ੈਸਰ ਲੱਗਾ ਹੋਇਆ ਹੈ। ਉਸਨੇ ਅਪਣਾ ਅਸਲੀ ਨਾਮ ਅਲੋਕ ਸਾਗਰ ਦਸਿਆ।

**ਤੀਸਰਾ**

ਸਿਰਫ਼ ਦਸ ਪਾਸ ਹੈ। ਛੋਟੀ ਜਿਹੀ ਨੌਕਰੀ ਦੌਰਾਨ ਉਸ ਨੇ ਲੇਖਾ ਅਤੇ ਵਿਤ ਵਿਦਿਆ ਦੇ ਕਈ ਪ੍ਰਾਈਵੇਟ ਇਮਤਿਹਾਨ ਪਾਸ ਕੀਤੇ। ਆਪਣੀ ਮਿਹਨਤ ਸਦਕਾ ਉਹ ਕਲਰਕ ਤੋਂ ਲੇਖਾ ਅਫ਼ਸਰ, ਮੁਖ ਲੇਖਾ ਅਫ਼ਸਰ ਅਤੇ ਫਿਰ ਇਕ ਉੱਘੇ ਸਰਕਾਰੀ ਬੋਰਡ ਦਾ ਲੇਖਾ ਅਤੇ ਵਿਤ ਮੈਂਬਰ ਦੇ ਅਹੁਦੇ ਤੋਂ ਸੇਵਾ ਮੁਕਤ ਹੋਇਆ। ਭਾਵੇਂ ਹਿਸਾਬ-ਕਿਤਾਬ ਦਾ ਕੰਮ ਸੀ। ਪਰ ਉਹ ਜਾਤੀ ਤੌਰ 'ਤੇ ਬਹੁਤ ਦਲੇਰ ਹੈ। ਯਾਰਾਂ ਦਾ ਯਾਰ। ਬੜੀ ਵਾਕਫ਼ੀਅਤ ਵਾਲਾ। ਮੰਤਰੀਆਂ ਤੋਂ ਲੈ ਕੇ ਆਮ ਆਦਮੀ ਤੱਕ ਉਸ ਦੀਆਂ ਯਾਰੀਆਂ ਹਨ। ਕਿਸੇ ਦੀ ਬਦਲੀ ਕਰਾਉਣ ਵਿਚ ਮਦਦ ਕਰਨਾ, ਕਿਸੇ ਬਿਪਤਾ ਵਿਚੋਂ ਕਿਸੇ ਨੂੰ ਕੱਢਣ ਲਈ ਉਹ ਆਪਣੀ ਵਾਕਫ਼ੀਅਤ ਵਰਤਦਾ। ਬਹੁਤ ਇਮਾਨਦਾਰ ਅਤੇ ਬੇ-ਪਰਵਾਹ ਹੈ। ਉਸ ਦੀਆਂ ਤਿੰਨ ਲੜਕੀਆਂ ਹਨ ਜੋ ਕਿ ਚੰਗੇ ਘਰਾਂ ਦੇ ਮੁੰਡਿਆਂ ਨਾਲ ਅਮਰੀਕਾ ਵਿਚ ਉਸ ਨੇ ਵਿਆਹੀਆਂ ਹਨ। ਆਪ ਵੀ ਕਈ ਸਾਲਾਂ ਤੋ ਅਮਰੀਕਾ ਵਿਚ ਰਹਿ ਰਿਹਾ ਹੈ। ਮੇਰੇ ਉਸ

ਨਾਲ ਅਜੇ ਵੀ ਦੋਸਤਾਨਾ ਸਬੰਧ ਕਾਇਮ ਹਨ। ਮੈਂ ਉਸਦਾ ਕਈ ਗੱਲਾਂ ਤੋ ਰਿਣੀ ਹਾਂ। ਹੋਰ ਕਈ ਅਨੋਖੇ ਆਦਮੀ ਨਾਲ ਜ਼ਿੰਦਗੀ ਵਿਚ ਵਾਹ ਪਿਆ ਹੈ ਪਰ ਉਹ ਫਿਰ ਕਦੀ ਸਾਂਝੇ ਕਰਾਂਗਾ। ਹੁਣ ਇੰਨਾ ਹੀ।

**ਕਹਾਣੀ**

ਦੋ ਮਿੱਤਰ ਬੈਠੇ ਸਨ। ਇਕ ਨੇ ਕਿਹਾ ਯਾਰ ਕੋਈ ਗੱਲ ਸੁਣਾ। ਦੂਸਰੇ ਨੇ ਕਿਹਾ ਕਿ ਕੱਲ ਮੈਂ ਸਬੱਬ ਨਾਲ ਇਕ ਮਹਾਂਪੁਰਸ਼ ਨੂੰ ਮਿਲਿਆ ਅਤੇ ਉਹਨਾਂ ਨੇ ਇਹ ਕਹਾਣੀ ਸੁਣਾਈ।

ਕਹਿੰਦੇ ਹਨ ਇਕ ਇਨਸਾਨ ਨੂੰ ਰੱਬ ਨੇ ਇਸ ਧਰਤੀ ਤੇ ਭੇਜਣ ਤੋਂ ਪਹਿਲਾਂ ਉਸਨੂੰ ਇਕ ਅਟੈਚੀਕੇਸ ਦਿੱਤਾ।

ਇਨਸਾਨ ਨੇ ਰੱਬ ਨੂੰ ਪੁੱਛਿਆ ਇਹਦੇ ਵਿਚ ਕੀ ਮੇਰੇ ਲਈ ਧੰਨ ਦੌਲਤ ਹੈ।

ਰੱਬ ਜੀ ਬੋਲੇ ਨਹੀਂ।

**ਇਨਸਾਨ** : ਕੀ ਮਕਾਨ, ਧਰਤੀ ਯਾ ਹੋਰ ਜਾਇਦਾਦ ਦੇ ਕਾਗਜਾਤ ਹਨ ਮੇਰੇ ਵਾਸਤੇ?

ਰੱਬ ਜੀ ਕੁਝ ਨਾ ਬੋਲੇ।

ਇਸ ਤਰ੍ਹਾਂ ਦੇ ਹੋਰ ਕਈ ਅੰਦਾਜ਼ੇ ਇਨਸਾਨ ਲਗਾਉਂਦਾ ਰਿਹਾ। ਪਰ ਰੱਬ ਜੀ ਹਮੇਸ਼ਾ ਨਾਂਹ ਹੀ ਕਹਿੰਦੇ ਚਲੇ ਗਏ। ਹਾਰ ਕੇ ਇਨਸਾਨ ਨੇ ਕਿਹਾ ਰੱਬ ਜੀ ਤੁਸੀ ਆਪੇ ਹੀ ਫਿਰ ਦੱਸੋ ਇਹਦੇ ਵਿਚ ਕੀ ਹੈ।

**ਰੱਬ ਜੀ ਥੋੜ੍ਹੇ ਚੁੱਪ ਦੇ ਬਾਅਦ ਬੋਲੇ** : ਅਟੈਚੀ ਖੋਲ੍ਹ ਕੇ ਕਿਹਾ : ਇਹਦੇ ਵਿਚ ਮੈਂ ਤੈਨੂੰ ਇਕ ਪੂਰੀ ਜ਼ਿੰਦਗੀ ਦੇ ਰਿਹਾ ਹਾਂ ਅਤੇ ਜੋ ਵੀ ਤੂੰ ਕਰਨਾਂ ਚਾਹੇਂ ਜ਼ਿੰਦਗੀ ਵਿਚ ਕਰ ਸਕਦਾ ਹੈਂ। ਤੈਨੂੰ ਪੂਰਨ ਅਜ਼ਾਦੀ ਵੀ ਦਿੰਦਾ ਹਾਂ ਪਰ ਯਾਦ ਰੱਖਣਾ ਉਸ ਦੇ ਕਰਮਾਂ ਦੇ ਫਲ ਦਾ ਤੂੰ ਜ਼ਿੰਮੇਵਾਰ ਵੀ ਹੋਵੇਗਾ। ਮੈਂ ਤੈਨੂੰ ਹਰ ਵਕਤ ਟਿਕ-ਟਿਕੀ ਲਗਾ ਕਿ ਦੇਖਦਾ ਰਵਾਂਗਾ। ਤੂੰ ਲੋਕਾਂ ਤੋਂ ਕੋਈ ਗੱਲ ਛੁਪਾ ਸਕਦਾ ਹੋਵੇਂਗਾ ਪਰ ਯਾਦ ਰਖੀਂ ਮੇਰੇ ਤੂੰ ਕਦੀ ਨਹੀਂ।

ਹਾਂ ਤੂੰ ਧਰਤੀ ਉਪਰ ਸਭ ਜੂਨਾਂ ਦਾ ਸਿਰਤਾਜ ਹੈਂ ਤੇਰੇ ਤੋਂ ਉੱਚੀ ਕੋਈ ਜੂਨ ਨਹੀਂ ਹੈ ਮੈਂ ਤੈਨੂੰ ਮਨ, ਬੁੱਧੀ ਅਤੇ ਸੁਰਤ ਵੀ ਦਿੰਦਾਂ ਹਾਂ। ਮੇਰੇ ਕੋਲ ਵਾਪਸ ਆਉਣ ਲਈ ਤੈਨੂੰ ਹਮੇਸ਼ਾਂ ਮੈਨੂੰ ਦਿਲੋ ਯਾਦ ਰਖਣਾ ਹੋਵੇਗਾ।

ਰੱਬ ਨੇ ਕਈ ਹੋਰ ਗੱਲਾਂ ਦੱਸੀਆਂ ਅਤੇ ਆਖਿਆ ਕਿ ਤੈਨੂੰ ਧਰਤੀ ਤੇ ਇਹਨਾਂ ਗੱਲਾਂ ਨੂੰ ਯਾਦ ਕਰਾਉਣ ਲਈ ਮੈਂ ਪੂਰਾ ਬੰਦੋਬਸਤ ਵੀ ਰੱਖਿਆ ਹੋਇਆ ਹੈ।

ਇਹ ਕਹਿ ਕੇ ਰੱਬ ਨੇ ਇਨਸਾਨ ਨੂੰ ਧਰਤੀ ਤੇ ਭੇਜਣ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ। ਕਹਿੰਦੇ ਹਨ ਕਿ ਉਹ ਇਨਸਾਨ ਰੱਬ ਨੂੰ ਹਮੇਸ਼ਾ ਧਿਆਨ ਵਿਚ ਰੱਖਦਾ ਹੋਇਆ ਨੌਂ ਮਹੀਨਿਆਂ ਬਾਅਦ ਮਾਂ ਦੇ ਗਰਬ ਵਿਚੋਂ ਬਾਹਰ ਆ ਗਿਆ। ਹੌਲੀ-ਹੌਲੀ ਉਮਰ ਦੇ ਵਧਣ ਨਾਲ ਉਸਨੇ ਮਾਇਆ ਦਾ ਸੋਹਣਾ ਜਾਲ ਦੇਖਿਆ ਅਤੇ ਰੱਬ ਦਾ ਨਾਂ ਉਹਦੇ ਧਿਆਨ ਵਿਚੋਂ ਹਟਦਾ ਗਿਆ।

ਚੰਗੇ ਘਰ ਵਿਚ ਜਨਮਿਆ ਸੀ ਅਤੇ ਦਿਮਾਗ ਵੀ ਠੀਕ ਸੀ ਇਸ ਕਰਕੇ ਪੜ੍ਹਾਈ ਵੀ ਖੂਬ ਕੀਤੀ। ਚੰਗੀ ਨੌਕਰੀ ਮਿਲ ਗਈ। ਘਰਦਿਆਂ ਨੇ ਵਿਆਹ ਕਰ ਦਿੱਤਾ। ਇਕ ਲੜਕਾ ਅਤੇ ਇਕ ਲੜਕੀ ਵੀ ਉਹਨਾਂ ਦੇ ਹੋਏ।

ਉਸ ਨੇ ਦਿਲ ਲੱਗਾ ਕਿ ਨੌਕਰੀ ਕੀਤੀ ਅਤੇ ਕਾਫ਼ੀ ਮਾਇਆ ਕਮਾਉਂਦਾ ਰਿਹਾ। ਉਸ ਦਾ ਧਿਆਨ ਮਨ ਮਾਇਆ ਕਮਾਉਣ ਵੱਲ ਰਹਿੰਦਾ। ਸੋਹਣਾ ਜਿਹਾ ਘਰ ਵੀ ਬਣਾ ਲਿਆ। ਰੱਬ ਭੁੱਲ ਗਿਆ। ਉਸ ਦਾ ਮਨ ਦੁਨਿਆਵੀ ਕਈ ਘਟਨਾ ਕਰਕੇ ਉਚਾਟ ਵੀ ਰਹਿੰਦਾ। ਬੁੱਧੀ ਦੀ ਗੱਲ ਕਦੀ ਨਾ ਸੁਣਦਾ ਪਰ ਜਦੋਂ ਖਾਮੋਸ਼ ਚੁੱਪ ਬੈਠਣ ਦਾ ਮੌਕਾ ਮਿਲਦਾ ਤਾਂ ਇਕ ਬਹੁਤ ਛੋਟੀ ਜਿਹੀ ਅਵਾਜ਼ ਅੰਦਰੋਂ ਆਉਂਦੀ ਕਿ ਤੂੰ ਅੱਜ ਇਹ ਕੀ ਕੀਤਾ; ਇਸ ਤਰ੍ਹਾਂ ਤਾਂ ਜਾਨਵਰ ਵੀ ਨਹੀਂ ਕਰਦੇ; ਕਿਸ ਤਰ੍ਹਾਂ ਕਿਦੇ ਨਾਲ ਕਦੋਂ ਕੌੜਾ ਬੋਲਿਆ; ਕਿਸ ਵੇਲੇ ਝੂਠ ਬੋਲਿਆ ਆਦਿ। ਉਹ ਨਿੱਕੀ ਜਿਹੀ ਆਵਾਜ਼ ਰਾਤ ਨੂੰ ਸੌਣ ਵੇਲੇ ਇਸ ਤਰ੍ਹਾਂ ਦੀ ਕਈ ਗੱਲਾਂ ਯਾਦ ਕਰਾਉਂਦੀ। ਹਮੇਸ਼ਾ ਪਿਆਰ ਭਰੀ ਹੁੰਦੀ; ਉਸ ਇਨਸਾਨ ਤੋਂ ਕਦੀ ਨਿਰਾਸ਼ ਜਾਂ ਨਰਾਜ਼ ਨਾ ਹੁੰਦੀ। ਇਹ ਸਿਲਸਿਲਾ ਸਾਰੀ ਉਮਰ ਚੱਲਦਾ ਰਿਹਾ। ਬਹੁਤ ਵਾਰੀ ਉਹ ਇਨਸਾਨ ਇਸ ਆਵਾਜ਼ ਨੂੰ ਸੁਣ ਕੇ ਅਣਗੌਲਿਆਂ ਕਰ ਦਿੰਦਾ। ਸੁਧਰਦੇ-ਸੁਧਰਦੇ ਉੱਚੇ ਖ਼ਿਆਲਾਂ ਵਾਲਾ ਬਣ ਸਕਦਾ ਸੀ ਪਰ ਇਸ ਤਰ੍ਹਾਂ ਨਾ ਹੋਇਆ।

**ਪਹਿਲਾ ਮਿੱਤਰ** : ਇਹ ਕਹਾਣੀ ਉਸ ਇਨਸਾਨ ਦੀ ਹੀ ਨਹੀਂ ਹੈ ਇਹ ਤੇ ਮੇਰੇ ਤੇ ਪੂਰੀ ਤਰ੍ਹਾਂ ਢੁੱਕਦੀ ਹੈ।

**ਦੂਸਰਾ ਮਿੱਤਰ** : ਉਸ ਮਹਾਨ ਪੁਰਸ਼ ਨੇ ਕਿਹਾ ਸੀ ਕਿ ਸਾਡੇ ਸਾਰਿਆਂ ਦਾ ਹੀ ਇਹੋ ਹਾਲ ਹੈ। ਇਸ ਤਰ੍ਹਾਂ ਅਸੀਂ ਖ਼ੁਦ ਹੀ ਆਪਣਾ ਨਸੀਬ ਬਣਾਉਂਦੇ ਹਾਂ; ਰੱਬ ਨਹੀਂ। ਅਜੀਬ ਹੈ ਪਰ ਨਸੀਬ ਭੁਗਤਦੇ ਵੇਲੇ ਰੱਬ ਨੂੰ ਕੋਸਦੇ ਹਾਂ।

**ਮਾਂ ਬੋਲੀ ਪੰਜਾਬੀ ਜੇ ਭੁੱਲ ਜਾਵੋਗੇ**
**ਕੱਖਾਂ ਵਾਂਗੂ ਰੁੱਲ ਜਾਵੋਗੇ**

# ਹੋਰ ਪੱਛੜੀਆਂ ਸ਼੍ਰੇਣੀਆਂ (OBC) ਸਰਟੀਫਿਕੇਟ ਬਨਾਉਣ ਲਈ ਆਮ ਜਾਣਕਾਰੀ

ਕੇਂਦਰੀ ਸਰਕਾਰ ਵੱਲੋਂ ਜਾਰੀ ਹੋਰ ਪੱਛੜੀਆਂ ਸ਼੍ਰੇਣੀਆਂ ਦੀ ਸੂਚੀ ਵਿਚ ਲੁਬਾਣਾ ਜਾਤੀ ਵੀ ਹੋਰ ਪੱਛੜੀਆਂ ਸ਼੍ਰੇਣੀਆਂ ਵਿਚ ਸ਼ਾਮਲ ਹੈ। ਜਿਸ ਅਧੀਨ ਕੇਂਦਰੀ ਸਰਕਾਰ ਦੀਆਂ ਵਿੱਦਿਅਕ ਸੰਸਥਾਵਾਂ, ਆਈ.ਟੀ.ਆਈ., ਮੈਡੀਕਲ, ਇੰਜੀਨੀਅਰਿੰਗ ਅਤੇ ਹੋਰ ਨੌਕਰੀਆਂ ਵਿਚ ਹੋਰ ਪੱਛੜੀਆਂ ਸ਼੍ਰੇਣੀਆਂ ਨੂੰ 27% ਦਾ ਰਾਖਵਾਂਕਰਨ ਦਿੱਤਾ ਹੋਇਆ ਹੈ। ਭਾਵੇਂ ਕਿ ਪੰਜਾਬ ਸਰਕਾਰ ਵੱਲੋਂ ਓ.ਬੀ.ਸੀ. ਸ਼੍ਰੇਣੀਆਂ ਨੂੰ ਵਿੱਦਿਆ ਵਿਚ 12% ਅਤੇ ਨੌਕਰੀਆਂ ਵਿਚ ਸਿਰਫ਼ 5% ਰਾਖਵਾਂਕਰਨ ਹੀ ਦਿੱਤਾ ਹੋਇਆ ਹੈ। ਜਿਸ ਵਿਚ ਵਾਧਾ ਕਰਨ ਦੀ ਮੰਗ ਲਗਾਤਾਰ ਚੱਲ ਰਹੀ ਹੈ। ਬਰਾਦਰੀ ਦੇ ਹੋਣਹਾਰ ਬੱਚਿਆਂ ਵੱਲੋਂ ਅਜਿਹੇ ਵੱਖ-ਵੱਖ ਵਿੱਦਿਆ ਪ੍ਰਾਪਤ ਕਰਨ ਵਾਲੀਆਂ ਸੰਸਥਾਵਾਂ ਅਤੇ ਨੌਕਰੀਆਂ ਵਿਚ ਓ.ਬੀ.ਸੀ. ਕੋਟੇ ਅਧੀਨ ਅਪਲਾਈ ਕਰਨ ਲਈ ਹਲਕੇ ਦੇ ਐਸ.ਡੀ.ਐਮ. ਵੱਲੋਂ ਜਾਰੀ ਕੀਤਾ ਹੋਇਆ ਓ.ਬੀ.ਸੀ. ਸਰਟੀਫਿਕੇਟ ਬੱਚਿਆਂ ਪਾਸ ਹੋਣਾ ਜ਼ਰੂਰੀ ਹੈ। ਆਮ ਧਾਰਨਾ ਹੈ ਕਿ ਜ਼ਿਆਦਾ ਆਮਦਨ ਵਾਲੇ ਮਾਪਿਆਂ ਅਤੇ ਸਰਕਾਰੀ ਜਾਂ ਗੈਰ ਸਰਕਾਰੀ ਨੌਕਰੀ ਕਰਦੇ ਦੋਨੋਂ ਪਤੀ-ਪਤਨੀ ਦੇ ਬੱਚੇ ਓ.ਬੀ.ਸੀ. ਲਈ ਬਣੀ ਸਲਾਨਾ 8 ਲੱਖ ਦੀ ਆਮਦਨ ਦੀ ਕਰੀਮੀ ਲੇਅਰ ਦੀ ਹੱਦ ਕਾਰਨ ਸਰਟੀਫਿਕੇਟ ਲੈਣ ਦੇ ਯੋਗ ਨਹੀਂ ਹਨ।

ਸਾਰਿਆਂ ਦੀ ਜਾਣਕਾਰੀ ਲਈ ਦੱਸਿਆ ਜਾਂਦਾ ਹੈ ਕਿ ਕਰੀਮੀ ਲੇਅਰ ਦੀ 8 ਲੱਖ ਦੀ ਆਮਦਨ ਹੱਦ ਵਿਚ ਨੌਕਰੀ ਤੋਂ ਮਿਲਦੀ ਤਨਖਾਹ ਅਤੇ ਜ਼ਮੀਨੀ ਖੇਤੀ ਆਮਦਨ ਨੂੰ ਸ਼ਾਮਲ ਨਹੀਂ ਕੀਤਾ ਜਾਂਦਾ। ਜਿਨ੍ਹਾਂ ਮਾਪਿਆਂ ਦੀ ਇਸ ਤੋਂ ਇਲਾਵਾ ਹੋਰ ਸਾਧਨਾਂ ਤੋਂ ਕੁੱਲ ਆਮਦਨ ਸਲਾਨਾ 8 ਲੱਖ ਰੁਪਏ ਤੋਂ ਵੱਧ ਹੈ ਉਹ ਕਰੀਮੀ ਲੇਅਰ ਅਧੀਨ ਇਸ ਸਰਟੀਫਿਕੇਟ ਲਈ ਯੋਗ ਨਹੀਂ ਹਨ। ਇਸ ਤੋਂ ਇਲਾਵਾ ਕੈਟਾਗਰੀ 'ਏ', 'ਬੀ' ਆਦਿ ਵਿਚ ਸਿੱਧੇ ਭਰਤੀ ਹੋਏ ਮਾਪਿਆਂ ਦੇ ਬੱਚੇ ਵੀ ਇਸ ਰਾਖਵਾਂਕਰਨ ਸਰਟੀਫਿਕੇਟ ਲਈ ਯੋਗ ਨਹੀਂ ਹਨ। ਅਜਿਹੇ ਮਾਪੇ ਜਿਹੜੇ ਕੈਟਾਗਰੀ 'ਸੀ' ਅਤੇ 'ਡੀ' ਵਿਚ ਭਰਤੀ ਹੋ ਕੇ 45 ਸਾਲ ਦੀ ਉਮਰ ਤੋਂ ਬਾਅਦ ਪਦਉੱਨਤ ਹੋ ਕੇ ਕੈਟਾਗਰੀ 'ਏ' ਅਤੇ 'ਬੀ' ਵਿਚ ਸ਼ਾਮਲ ਹੋਏ ਹਨ ਉਨ੍ਹਾਂ ਦੇ ਬੱਚੇ ਵੀ ਇਸ ਸਰਟੀਫਿਕੇਟ ਲਈ ਯੋਗ ਹਨ। ਫੌਜੀ ਅਫ਼ਸਰ, ਜੱਜ ਅਤੇ ਵਿਦੇਸ਼ੀ ਸੇਵਾਵਾਂ ਵਿਚ ਨੌਕਰੀ ਕਰਦੇ ਮਾਪਿਆਂ ਦੇ ਬੱਚੇ ਅਜਿਹਾ ਲਾਭ ਲੈਣ ਲਈ ਯੋਗ ਨਹੀਂ ਹਨ। ਆਮਦਨ ਹੱਦ ਲਈ ਸਿਰਫ਼ ਮਾਪਿਆਂ ਦੀ ਆਮਦਨ ਹੀ ਗਿਣੀ ਜਾਂਦੀ ਹੈ। ਜੇਕਰ ਬੱਚਾ ਕੋਈ ਆਪ ਤਨਖਾਹ ਜਾਂ ਹੋਰ ਵਸੀਲਿਆਂ ਰਾਹੀਂ ਕੋਈ ਆਮਦਨ ਪ੍ਰਾਪਤ ਕਰਦਾ ਹੈ ਤਾਂ ਉਸ ਆਮਦਨ ਨੂੰ ਇਸ ਹੱਦ ਵਿਚ ਨਹੀਂ ਗਿਣਿਆ ਜਾਂਦਾ ਹੈ। ਹੋਰ ਸਾਧਨਾਂ ਤੋਂ ਆਮਦਨ ਦਾ ਭਾਵ ਹੈ ਮਾਪਿਆਂ ਨੂੰ ਆਪਣੀ ਕਿਸੇ ਪ੍ਰਾਪਰਟੀ ਦਾ ਕਿਰਾਇਆ ਵਗੈਰਾ ਜਾਂ ਬੈਂਕ ਵਿਚ ਜਮ੍ਹਾਂ ਰਕਮ ਤੋਂ ਮਿਲਦਾ ਵਿਆਜ਼ ਜੋ ਕਿ ਉਹ ਆਪਣੀ ਸਲਾਨਾ ਆਦਮਨ ਕਰ ਰਿਟਰਨ ਵਿਚ ਉਜਾਗਰ ਕਰਦੇ ਹਨ।

ਸਾਰੇ ਯੋਗ ਬੱਚਿਆਂ ਦੇ ਮਾਪਿਆਂ ਨੂੰ ਆਪਣੇ ਬੱਚਿਆਂ ਦੇ ਓ.ਬੀ.ਸੀ. ਸਰਟੀਫਿਕੇਟ ਬਣਾ ਲੈਣੇ ਚਾਹੀਦੇ ਹਨ ਤਾਂ ਜੋ ਬੱਚੇ ਸਰਕਾਰਾਂ ਵੱਲੋਂ ਮਿਲਣ ਵਾਲੀਆਂ ਵਿੱਦਿਅਕ ਅਤੇ ਰੁਜ਼ਗਾਰ ਵਿਚ ਦਿੱਤੇ ਜਾਂਦੇ ਲਾਭਾਂ ਦਾ ਫਾਇਦਾ ਲੈ ਸਕਣ।

**ਸੁਰਿੰਦਰ ਸਿੰਘ ਰੁਬੀ**

**ਸਹਿ ਸੰਪਾਦਕ**

# 'ਲੁਬਾਣਾ ਸੇਵਕ' ਮੈਗਜ਼ੀਨ ਦੇ ਸੁਹਿਰਦ ਪਾਠਕਾਂ ਨੂੰ ਅਪੀਲ

ਮਾਨਯੋਗ ਪਾਠਕ ਵੀਰ ਜੀ,

ਗੁਰ ਫਤਿਹ ਪ੍ਰਵਾਨ ਕਰਨੀ ਜੀ

ਮੈਂ ਆਪ ਜੀ ਨੂੰ ਮੈਗਜ਼ੀਨ 'ਲੁਬਾਣਾ ਸੇਵਕ' ਸਬੰਧੀ ਬੜੀ ਨਿਮਰਤਾ ਨਾਲ ਇਕ ਬੇਨਤੀ ਕਰਨਾ ਚਾਹੁੰਦਾ ਹਾਂ। ਇਹ ਰਸਾਲਾ ਬਰਾਦਰੀ ਦੀ ਬਹੁਤ ਹੀ ਸਤਿਕਾਰਯੋਗ ਹਸਤੀ ਮੇਜਰ ਸ਼ਰਮ ਸਿੰਘ ਜੀ ਜਹੂਰਾ ਨੇ ਆਪਣੇ ਪੱਧਰ ਤੇ ਆਪਣੇ ਘਰ ਤੋਂ ਸ਼ੁਰੂ ਕੀਤਾ ਸੀ। ਜੋ ਕਿ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਨੇ ਹੋਂਦ ਵਿਚ ਆਉਣ ਤੋਂ ਜਲਦੀ ਬਾਅਦ ਹੀ ਇਸ ਰਸਾਲੇ ਨੂੰ ਅਪਣਾ ਕੇ ਫਾਊਂਡੇਸ਼ਨ ਵੱਲੋਂ ਇਸ ਨੂੰ ਲਗਾਤਾਰ ਚਾਲੂ ਰੱਖਣ ਅਤੇ ਛਪਦਾ ਰੱਖਣ ਦਾ ਉਪਰਾਲਾ ਆਪਣੇ ਸਿਰ ਲੈ ਲਿਆ ਸੀ। ਲੁਬਾਣਾ ਸੇਵਕ ਦੇ ਤਕਰੀਬਨ 600 ਲਾਇਫ਼ ਮੈਂਬਰ ਹਨ ਜਿਨ੍ਹਾਂ ਨੇ 1000 ਰੁਪਏ ਦੇ ਕੇ ਆਪਣੀ ਲਾਈਫ਼ ਮੈਂਬਰਸ਼ਿਪ ਹਾਸਲ ਕੀਤੀ ਹੋਈ ਹੈ। ਮੈਗਜ਼ੀਨ ਦੇ ਇਕ ਅੰਕ ਦੀ ਇਕ ਕਾਪੀ ਤੇ ਤਕਰੀਬਨ 40 ਰੁਪਏ ਖਰਚ ਆਉਂਦਾ ਹੈ। ਜਿਸ ਕਾਰਨ ਇਸ ਦਾ ਖਰਚਾ ਉਠਾਉਣਾ ਥੋੜ੍ਹਾ ਮੁਸ਼ਕਿਲ ਬਣਿਆ ਹੋਇਆ ਹੈ। ਭਾਵੇਂ ਕਿ ਹੁਣ ਨਵੇਂ ਲਾਇਫ਼ ਮੈਂਬਰ ਬਨਣ ਲਈ ਫੀਸ 2500 ਰੁਪਏ ਪ੍ਰਤੀ ਮੈਂਬਰ ਕਰਨ ਦੀ ਤਜਵੀਜ਼ ਕਾਰਜਕਾਰਨੀ ਵੱਲੋਂ ਪਾਸ ਕੀਤੀ ਜਾ ਚੁੱਕੀ ਹੈ। ਪ੍ਰੰਤੂ ਜੇਕਰ ਪੁਰਾਣੇ ਲਾਇਫ਼ ਮੈਂਬਰ ਵੀ ਆਪਣੇ ਵੱਲੋਂ ਕੁਝ ਆਰਥਿਕ ਸਹਾਇਤਾ ਜਾਂ ਨਵੀਂ ਤੇ ਪੁਰਾਣੀ ਮੈਂਬਰਸ਼ਿਪ ਦੇ ਫਰਕ ਦੀ ਰਕਮ ਨੂੰ ਫਾਊਂਡੇਸ਼ਨ ਪਾਸ ਜਮ੍ਹਾ ਕਰਵਾਉਣ ਤਾਂ ਮੈਗਜ਼ੀਨ ਚਾਲੂ ਰੱਖਣ ਵਿਚ ਮੈਨੇਜਮੈਂਟ ਦੀ ਕਾਫੀ ਮੱਦਦ ਹੋ ਜਾਵੇਗੀ। ਇਹ ਇਕ ਸੁਝਾਅ ਹੀ ਹੈ, ਜਬਰੀ ਜਾਂ ਜ਼ਰੂਰੀ ਨਹੀਂ ਹੈ। ਕਿਉਂਕਿ ਇਹ ਮੈਗਜ਼ੀਨ ਬਰਾਦਰੀ ਦੇ ਆਰਥਿਕ, ਸਮਾਜਿਕ, ਰਾਜਨੀਤਿਕ ਸਾਰੇ ਪਹਿਲੂਆਂ ਤੋਂ ਪਾਠਕਾਂ ਨੂੰ ਜਿੱਥੇ ਜਾਗਰੂਕ ਕਰਦਾ ਹੈ, ਉਥੇ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਵੱਲੋਂ ਬਰਾਦਰੀ ਦੇ ਉਥਾਨ ਲਈ ਕੀਤੇ ਕਾਰਜਾਂ ਦੀ ਵੀ ਬਰਾਦਰੀ ਦੇ ਸੂਝਵਾਨ ਮੈਂਬਰਾਂ ਨੂੰ ਜਾਣਕਾਰੀ ਦਿੰਦਾ ਹੈ।

ਆਸ ਕਰਦਾ ਹਾਂ ਕਿ ਮੇਰੀ ਇਸ ਬੇਨਤੀ ਨੂੰ ਪ੍ਰਵਾਨ ਕਰਦੇ ਹੋਏ, ਲੁਬਾਣਾ ਸੇਵਕ ਮੈਗਜ਼ੀਨ ਚਾਲੂ ਰੱਖਣ ਲਈ ਆਪ ਜੀ ਆਪਣਾ ਬਣਦਾ ਆਰਥਿਕ ਸਹਿਯੋਗ ਜ਼ਰੂਰ ਦੇਵੋਗੇ।

ਧੰਨਵਾਦ

**ਹਰਭਜਨ ਸਿੰਘ**

**ਪ੍ਰਧਾਨ**

**ਬਮਸਲ ਫਾਊਂਡੇਸ਼ਨ ਚੰਡੀਗੜ੍ਹ**

ਕਹਾਣੀ

# ਪਿਤਾ

**ਅਨੁਰਾਧਾ ਸ਼ਰਮਾ 'ਕਾਫ਼ਿਰ'**

"ਜ਼ਾਰਾ ਤੂੰ ਏਨੀ ਛੇਤੀ ਵੱਡੀ ਕਿਵੇਂ ਹੋ ਰਹੀ ਏਂ, ਪਿਛਲੀ ਵਾਰ ਮੈਂ ਆਇਆ ਸੀ ਤਾਂ ਤੂੰ ਛੋਟੀ ਜਿਹੀ ਸੀ?

"ਹਾਂ ਪਾਪਾ ਮੇਰੇ ਪੈਰ ਵੀ ਵੱਡੇ ਹੋ ਗਏ ਹੈਂ

ਅੰਗੂਠੇ ਕੇ ਪਾਸ ਸੇ ਜੁਰਾਬੇ ਫੱਟਤੀ ਰਹਤੀ ਹੈਂ।

ਆਪਣੀ ਭਤੀਜੀ ਦਾ ਮਾਸੂਮ ਜਿਹਾ ਜਵਾਬ ਸੁਣ ਕੇ ਮੇਰੇ ਮੂੰਹ ਤੇ ਮੁਸਕਾਨ ਆ ਗਈ ਤੇ ਅੱਖਾਂ 'ਚ ਪਾਣੀ ਦੀਆਂ ਬੂੰਦਾਂ ਕਿੰਨੀਆਂ ਮਾਸੂਮ ਹੁੰਦੀਆਂ ਨੇ ਤੇ ਪਿਉ ਨੂੰ ਕਿੰਨੀਆਂ ਪਿਆਰੀਆਂ ਵੀ।

ਮੇਰਾ ਭਰਾ ਮਲਟੀ ਇੰਟਰਨੈਸ਼ਨਲ ਕੰਪਨੀ 'ਚ ਮੁੰਬਈ ਵਿਖੇ ਨੌਕਰੀ ਕਰਦਾ ਮਹੀਨੇ, ਦੋ ਮਹੀਨੇ ਬਾਅਦ ਘਰ ਆਉਂਦਾ ਹੈ। ਘਰ ਉਸ ਦੇ ਦੋ ਬੱਚੇ ਇੱਕ ਬੇਟਾ ਤੇ ਇੱਕ ਬੇਟੀ ਇੰਤਜ਼ਾਰ ਕਰਦੇ ਹਨ। ਬੇਟਾ ਨਾਲ ਲਿਆਉਂਦੇ ਖਿਡੌਣਿਆਂ ਦਾ, ਤੇ ਬੇਟੀ ਆਪਣੇ ਪਾਪਾ ਦਾ ਅੱਜ ਉਹ ਆਇਆ ਹੈ ਤੇ ਲੰਬੀ ਹੁੰਦੀ ਧੀ ਨੂੰ ਵੇਖ ਕੇ ਪੁੱਛ ਰਿਹਾ ਹੈ, ਅੱਠ ਸਾਲਾਂ ਦੀ ਜ਼ਾਰਾ ਸਮਝ ਮੁਤਾਬਿਕ ਜਵਾਬ ਦੇ ਰਹੀ ਹੈ। ਮੈਨੂੰ ਆਪਣਾ ਬਚਪਨ ਯਾਦ ਆਉਂਦਾ ਹੈ। ਦਸਦੇ ਹਨ ਡੈਡੀ ਵੀ ਜਦੋਂ ਮਹੀਨੇ ਬਾਅਦ ਘਰ ਵਾਪਿਸ ਆਉਂਦੇ ਸੀ ਤਾਂ ਵਿਹੜੇ ਵਿੱਚ ਲੰਮੀ ਪਾ ਕੇ ਗਿੱਠਾ ਨਾਲ ਮਿਣਦੇ ਤੇ ਕਹਿੰਦੇ 'ਪਿਤਾ ਜੀ ਚਾਰ ਉਂਗਲ ਵੱਧ ਰਹੀ ਹੈ" ਤੇ ਕੰਮ ਤੇ ਜਾ ਕੇ ਹੋਰ ਓਵਰਟਾਇਮ ਕਰਦੇ, ਛੁੱਟੀ ਵਾਲੇ ਦਿਨ ਦਿਹਾੜੀਆਂ ਲਾ ਲੈਂਦੇ ਜਦੋਂ ਮਹੀਨੇ ਬਾਅਦ ਵਾਪਿਸ ਆਉਂਦੇ ਤਾਂ ਉਸ ਸਮੇਂ ਦੀ ਸਭ ਤੋਂ ਵਧੀਆ ਆਇਟਮ ਕੋਈ ਖੇਸ, ਕੋਈ ਦਰੀ, ਪ੍ਰੈਸ਼ਰ ਕੁੱਕਰ, ਪ੍ਰੈਸ ਜਾਂ ਫਿਰ ਕੋਈ ਰਸੋਈ ਦੀ ਚੀਜ਼, ਚਿੱਟੀ ਸੰਗਮਰਮਰ ਦਾ ਚਕਲਾ ਲੈ ਆਉਂਦੇ, ਪਹਿਲਾਂ ਤੇ ਮੇਰੀ ਮੰਮੀ ਆਪਣੀ ਪੇਟੀ 'ਚ ਸਭ ਚੀਜ਼ਾਂ ਸਾਂਭਦੀ ਰਹੀ, ਫਿਰ ਜਦੋਂ ਮੈਂ ਪੰਦਰਾਂ ਕੁ ਸਾਲ ਦੀ ਹੋਈ ਤਾਂ ਇੱਕ ਛੋਟੀ ਪੇਟੀ ਲੈ ਆਈ ਤੇ ਸਭ ਸਮਾਨ ਉਸ ਵਿੱਚ ਜੋੜਨਾ ਸ਼ੁਰੂ ਕਰ ਦਿੱਤਾ ਗਿਆ। ਉਹ ਆਪ ਵੀ ਥਾਲਪੋਸ਼, ਨਾਲੇ, ਰੁਮਾਲ, ਬਣਾਉਂਦੀ ਰਹਿੰਦੀ ਇੰਝ ਮੇਰੇ ਗਿੱਠ-ਗਿੱਠ ਵਾਧੇ ਦੇ ਨਾਲ-ਨਾਲ ਪੇਟੀ ਦਾ ਭਾਰ ਵੀ ਵੱਧਦਾ ਜਾਂਦਾ। ਮੈਂ ਆਪਣੇ ਮਾਪਿਆਂ ਦੀ ਬਹੁਤ ਚੰਗੀ ਧੀ ਸੀ, ਹੁਸ਼ਿਆਰ, ਤੇਜ਼ ਦਿਮਾਗ ਹਰ ਪਾਸੇ ਅੱਗੇ। ਪੜ੍ਹਾਈ 'ਚ ਕੰਮ-ਕਾਜ ਵਿੱਚ ਪੜ੍ਹਾਈ ਤੋਂ ਇਲਾਵਾ ਮੇਰੇ ਦਾਦਾ ਜੀ ਨੇ 'ਗੀਤਾ', 'ਰਮਾਇਣ', 'ਸੁੱਖਸਾਗਰ', 'ਦੁਰਗਾ ਅਸ਼ਟਪਦੀ', 'ਹਨੂੰਮਾਨ ਚਾਲੀਸਾ' ਤੇ ਹੋਰ ਵੀ ਕਈ ਮੰਤਰ ਮੈਨੂੰ ਪੜ੍ਹਾਏ, ਯਾਦ ਕਰਵਾਏ। ਮੈਂ ਸਭ ਤੋਤੇ ਵਾਂਗ ਰੱਟਦੀ, ਕੀਰਤਨ ਕਰਦੀ ਲੋਕਾਂ ਦੇ ਜਨਮ-ਦਿਨ ਕਰਵਾ ਆਉਂਦੀ। ਬਹੁਤ ਹੀ ਧਾਰਮਿਕ ਲੋਕੀ ਮੈਨੂੰ ਦੇਵੀ ਸਮਝ ਲੈਂਦੇ। ਭਗਤੀ-ਭਾਵ ਦਾ ਰੰਗ ਏਨਾ ਚੜ੍ਹਿਆ ਕਿ ਇਕ ਵਾਰ ਮੈਂ ਇਕ ਮੰਦਿਰ ਵਿੱਚ ਹੀ ਜਾ ਕੇ ਬੈਠ ਗਈ। ਬਹੁਤ ਮੁਸ਼ਕਿਲ ਨਾਲ ਮੈਨੂੰ ਘਰ ਲਿਆਉਂਦਾ ਗਿਆ। ਉਦੋਂ ਮੇਰੇ ਪਿਤਾ ਜੀ ਨੇ ਮੈਨੂੰ ਕਿਹਾ "ਇਸ ਤੋਂ ਜ਼ਿਆਦਾ ਚੰਗਾ ਹੁੰਦਾ ਤੂੰ ਮੈਨੂੰ ਘਰ ਬਿਠਾ ਕੇ ਮੇਰੇ ਸਿਰ 'ਚ ਜੁੱਤੀਆਂ ਆਪੇ ਹੀ ਮਾਰ ਲੈਂਦੀ। ਮੈਂ ਲੋਕਾਂ ਤੋਂ ਨਾਂ ਖਾਂਦਾ"।

ਮੈਂ ਹੈਰਾਨ-ਪ੍ਰੇਸ਼ਾਨ। ਕੀ ਇਹੋ ਜਿਹਾ ਕੀ ਗੁੱਸਾ ਹੋ ਗਿਆ। ਮੈਨੂੰ ਬਹੁਤ ਗੁੱਸਾ ਆਇਆ ਪਰ ਬਾਅਦ ਵਿੱਚ ਸਮਝ ਆਈ ਕਿ ਉਹ ਆਪਣੀ ਥਾਂ ਤੇ ਸੱਚੇ ਸੀ। ਮੈਂ ਆਪਣੀ ਥਾਂ ਤੇ ਸੱਚੀ ਸੀ।

ਫੇਰ ਕੁੱਝ ਸਮੇਂ ਬਾਅਦ, ਜ਼ਿੰਦਗੀ ਨਾਰਮਲ ਹੋਈ। ਮੈਂ ਕਾਲਿਜ ਜਾਣ ਲੱਗੀ। ਕਾਲਿਜ ਦੇ ਨੇੜੇ ਇਕ ਨਹਿਰ ਵਗਦੀ ਸੀ ਪਰ ਕਾਲਿਜ ਬੰਦ ਹੋਣ ਕਰਕੇ ਮੈਂ ਕਦੇ ਉਸ ਤੇ ਘੁੰਮਣ ਨਾ ਗਈ। ਆਪਣੀ ਪੜ੍ਹਾਈ ਕਰਦੀ ਰਹਿੰਦੀ। ਗਿਆਰਵੀਂ ਵਿੱਚ ਜਾ ਕੇ ਮੈਨੂੰ ਮਿਰਗੀ ਦੀ ਬਿਮਾਰੀ ਹੋ ਗਈ ਮੇਰੇ ਪਿਤਾ ਜੀ ਹਰ ਵੇਲੇ ਟੈਨਸ਼ਨ 'ਚ ਰਹਿੰਦੇ। ਉਦੋਂ ਭਰਾ ਡਿਪਲੋਮਾ ਕਰਦਾ ਸੀ ਬਹੁਤ ਜਗ੍ਹਾ ਧੱਕੇ ਖਾਣ ਤੋਂ ਬਾਅਦ ਇਕ ਵੱਡੇ ਲੁਟੇਰੇ ਪਾਸ ਫਸ ਗਏ ਜਿਸਦੀ ਦਵਾਈ ਬਹੁਤ ਮਹਿੰਗੀ ਸੀ। ਪਰ ਪਹਿਲੀ ਖੁਰਾਕ ਤੋਂ ਹੀ ਭਾਰੀ ਨਸ਼ਾ ਹੋਣ ਕਰਕੇ ਮੇਰਾ ਸਿਰ ਠੀਕ ਤਾਂ ਹੋ ਗਿਆ ਪਰ ਉਡਿਆ-ਉਡਿਆ ਰਹਿੰਦਾ। ਡੈਡੀ ਬਹੁਤ ਟੈਨਸ਼ਨ ਕਰਦੇ ਕਿ ਵਿਆਹ ਕਿੱਦਾਂ ਹੋਵੇਗਾ। ਕਈ ਵਾਰ ਅਖ਼ਬਾਰਾਂ ਵਿੱਚ ਉਹ ਤਲਾਕਸ਼ੁਦਾ ਲੜਕਿਆਂ, ਜਾਂ ਨਾਰਮਲ ਵੈਨ-ਚਾਲਕਾਂ ਤੱਕ ਨੂੰ ਵੀ ਟਿੱਕ ਕਰ ਲੈਂਦੇ। ਪਤਾ ਨੀ ਕਿਥੋਂ-ਕਿੱਥੋਂ ਤੇ ਕਿਵੇਂ ਯਤਨ ਕਰਦੇ। ਮੇਰੇ ਲਈ ਦਵਾਈਆਂ ਲਿਆਉਂਦੇ । ਮਾਂ ਵੀ ਬਾਬਿਆਂ ਦੇ ਚੱਕਰ ਕੱਟਦੀ ਰਹਿੰਦੀ । ਹੁਣ ਮੇਰਾ ਪਿਤਾ ਜੀ ਨੂੰ ਲੱਗਦਾ ਮੈਂ ਜਿੱਦੀ ਹੋ ਰਹੀ ਹਾਂ। ਮੈਨੂੰ ਲੱਗਦਾ ਮੈਂ ਬਾਗੀ ਹੋ ਰਹੀ ਹਾਂ। ਮੈਂ ਹੁਣ ਧਾਰਮਿਕ ਕਿਤਾਬਾਂ ਛੱਡ ਕੇ ਚੰਗੀਆਂ ਸਾਹਿਤਕ ਕਿਤਾਬਾਂ ਪੜ੍ਹਦੀ। ਲਿਖਣ ਦੀ ਕੋਸ਼ਿਸ਼ ਕਰਦੀ, ਉਹ ਪਸੰਦ ਨਾ ਕਰਦੇ, ਜਦੋਂ ਆਉਂਦੇ ਮੈਨੂੰ ਟੋਕਦੇ। ਉਹ ਸੋਚਦੇ ਕਿ ਇਹ ਸਿਰਫ਼ ਪੜ੍ਹਾਈ ਕਰੇ। ਇਥੇ ਵੀ ਸ਼ਾਇਦ ਉਹ ਆਪਣੀ ਥਾਂ ਠੀਕ ਸੀ। ਮੈਂ ਆਪਣੀ ਥਾਂ ਠੀਕ ਸੀ।

ਇਕ ਦਿਨ ਮੈਂ ਨਹਿਰ 'ਚ ਡਿੱਗ ਪਈ, ਜਿਵੇਂ ਮੇਰੇ 'ਤੇ ਦੁੱਖਾਂ ਦਾ ਪਹਾੜ ਟੁੱਟ ਪਿਆ। ਲੋਕ ਤੋਹਮਤਾਂ ਲਾਉਂਦੇ ਕਿ ਬੱਚਾ ਹੋਣ ਵਾਲਾ ਹੋਣਾ ਹੋਵੇਗਾ। ਕਿਉਂਕਿ ਉਦੋਂ ਏਦਾਂ ਹੀ ਹੁੰਦਾ ਸੀ, ਜ਼ਿਆਦਾਤਰ ਜਾਂ ਕੋਈ ਹੋਰ ਚੱਕਰ। ਮੇਰੇ ਡੈਡੀ ਵੀ ਟੁੱਟ ਗਏ ਤੇ ਮੇਰੇ ਨਾਲ ਬੋਲਚਾਲ ਬੰਦ ਹੀ ਹੋ ਗਈ ਲੱਗਭਗ, ਕੋਈ ਆਉਂਦਾ ਤਾਂ ਪੁਛਦਾ "ਕੀ ਹੋਇਆ?" ਤਾਂ ਉਹ ਕਹਿੰਦੇ ਉਹ ਬੈਠੀ ਹੈਂ ਪੁਛ ਲਵੋ" ਮੈਂ ਸ਼ਰੀਰਕ ਟੁੱਟਣ-ਭੱਜਣ, ਮਾਨਸਿਕ ਪੀੜ, ਲੋਕਾਂ ਦੀ ਤੋਹਮਤਾਂ ਸੰਭਾਲਦੀ, ਉਠਣ ਦਾ ਯਤਨ ਕਰਦੀ। ਡੈਡੀ ਨੇ ਇੱਕ ਮਹੀਨੇ ਦੀ ਛੁੱਟੀ ਲੈ ਲਈ ਸੀ ਤੇ ਆਪਣੇ ਆਪ ਨੂੰ ਹਨੇਰੇ ਕਮਰੇ ਵਿੱਚ ਹੀ ਬੰਦ ਕਰ ਲਿਆ। ਮੈਂ ਲਿਖਣਾ ਚਾਹੁੰਦੀ, ਪਰ ਦੋ ਵਾਰ ਉਨ੍ਹਾਂ ਮੈਨੂੰ ਐਸਾ ਡਾਂਟਿਆ ਤੇ ਕਾਪੀ ਖੋਹ ਕੇ ਇੰਝ ਪਰ੍ਹੇ ਸੁੱਟੀ ਕਿ ਮੇਰਾ ਦਿਲ ਕੁੜੱਤਣ ਨਾਲ ਭਰ ਗਿਆ। ਐਨੇ ਰੋਅਬ-ਦਾਬ ਵਾਲਾ ਬੰਦਾ, ਦੱਬੂ ਬਣ ਕੇ ਜੀ ਰਿਹਾ ਸੀ। ਮੇਰੇ ਚਾਚੇ ਉਨ੍ਹਾਂ ਨੂੰ ਟਿਚਕਰਾਂ ਕਰਦੇ। ਮੈਨੂੰ ਉਨ੍ਹਾਂ ਨੇ ਕਿਹਾ ਕਾਲਿਜ ਨਹੀਂ ਜਾਣਾ। ਮੇਰਾ ਅੰਦਰਲਾ ਫੁੰਕਾਰ ਉਠਿਆ। ਮੈਂ ਬੇਕਸੂਰੋਂ ਕਸੂਰਵਾਰ ਸੀ। ਮੇਰੇ ਨਾਲ ਉਹ ਵੀ ਸਜ਼ਾ ਭੁਗਤ ਰਹੇ ਸੀ, ਵਿਚਾਰੇ ਮੇਰੇ ਬੇਗੁਨਾਹੇ ਪਿਤਾ।

ਆਖ਼ਿਰ ਕਾਲਜ ਜਾਣਾ ਬੰਦ ਹੋ ਗਿਆ। ਖ਼ੈਰ ਉਹ ਆਪਣੀ ਥਾਂ ਠੀਕ ਸੀ। ਮੈਂ ਆਪਣੀ ਥਾਂ ਠੀਕ ਸੀ।

ਮੈਂ ਹਿੰਮਤ ਨਾ ਹਾਰੀ, ਕਾਲਿਜ ਦੇ ਪ੍ਰੋਫ਼ੈਸਰ ਘਰ ਆਏ। ਇਹ ਬਹੁਤ ਲਾਇਕ ਕੁੜੀ ਹੈ ਪੜ੍ਹਨ ਦਿਉ।'' ਡੈਡੀ ਵੀ ਮੰਨ ਗਏ ਕਾਲਿਜ ਜਾਂਦੀਆਂ ਨੂੰ ਕੁੱਝ ਸਮਾਂ ਹੋਇਆ। ਆਏ ਪ੍ਰੋਫ਼ੈਸਰਾਂ ਵਿੱਚੋਂ ਇਕ ਪ੍ਰੋਫ਼ੈਸਰ ਦਾ ਦਿਲ ਬੇਇਮਾਨ ਹੋ ਗਿਆ। ਇਕ ਦਿਨ ਕਾਲਿਜ ਕੈਂਪਸ ਵਿੱਚ ਹੀ ਉਸ ਨੇ ਮੇਰੀ ਬਾਂਹ ਫੜ ਲਈ। ਮੇਰਾ ਅੰਦਰਲਾ ਚੀਕ ਉਠਿਆ, ਮੈਂ ਛਟਪੱਟਾ ਗਈ, ਤੜਫ ਉਠੀ ਹਾਏ ਰੱਬਾ ਵਾੜ ਖੇਤ ਨੂੰ ਖਾਣ ਲਗੀ। ਇਕ ਵਾਰ ਫੇਰ ਜ਼ਿੰਦਗੀ 'ਚ ਤੂਫ਼ਾਨ ਆਇਆ ਉਸ ਪ੍ਰੋਫ਼ੈਸਰ ਦੀ ਛਵੀ ਸੰਤਾਂ ਵਾਲੀ ਸੀ, ਸਭ ਮੇਰੇ ਵਿਰੋਧ ਵਿੱਚ ਬੋਲੇ, ਕਿ ਏਸ ਕੁੜੀ ਨੂੰ ਹੀ ਪ੍ਰੋਫ਼ੈਸਰ ਨੇ ਕਿਉਂ ਚੁਣਿਆ, ਪੱਕਾ ਇਹ ਝੂਠ ਬੋਲ ਰਹੀ ਹੈ, ਪਰ ਵਿਦਿਆਰਥੀ ਮੇਰੇ ਨਾਲ ਸੀ ਮੇਰੇ ਡੈਡੀ ਨੂੰ ਕਹਿੰਦੇ ਅਸੀਂ ਜਾਮ ਲਾਵਾਂਗੇ। ਤੁਸੀਂ ਪੁਲਿਸ ਰਿਪੋਰਟ ਕਰੋ, ਪਰ ਰਿਸ਼ਤੇਦਾਰ ਕਹਿੰਦੇ ਐਨੀ ਪਬਲੀਸਿਟੀ ਹੋ ਜਾਵੇਗੀ, ਪਹਿਲਾਂ ਹੀ ਬਿਮਾਰ ਹੈ, ਵਿਆਹੁਣੀ ਕਿੱਦਾਂ ਹੈ। ਤੇ ਪਬਲੀਸਿਟੀ ਦੇ ਡਰੋਂ ਕੋਈ ਐਕਸ਼ਨ ਨਾ ਲਿਆ। ਹੁਣ ਪਿਤਾ ਜੀ ਸ਼ਰਾਬ ਪੀ ਲੈਂਦੇ ਕਦੇ-ਕਦੇ। ਮੈਂ ਅੰਦਰੋਂ-ਅੰਦਰ ਜਰਦੀ। ਜਲਦੀ ਹੀ ਮੇਰੀ ਪੜ੍ਹਾਈ ਛੁਡਾ ਦਿੱਤੀ ਗਈ ਪਰ ਹੁਣ ਲੱਗਦਾ ਹੈ ਸ਼ਾਇਦ ਉਦੋਂ ਵੀ ਉਹ ਆਪਣੀ ਥਾਂ ਠੀਕ ਸੀ। ਮੈਂ ਆਪਣੀ ਥਾਂ ਠੀਕ ਸੀ।

ਪਰ ਹੁਣ ਮੈਂ ਚੁੱਪ ਬੈਠਣ ਵਾਲਿਆਂ ਵਿੱਚੋਂ ਨਹੀਂ ਸੀ। ਕਿਤਾਬਾਂ ਨੇ ਮੈਨੂੰ ਅਕਲਾਂ ਦੇ ਦਿੱਤੀਆਂ। ਮੇਰੀਆਂ ਛੱਪੀਆਂ ਰਚਨਾਵਾਂ ਨੇ ਮੈਨੂੰ ਹੌਂਸਲਾ ਬਖਸ਼ਿਆ। ਮੈਂ ਰਾਈਟਰਸ ਦੀ ਗੱਲ ਕਰਨ ਲੱਗੀ, ਵਾਰ-ਵਾਰ ਲੱਗਦੀਆਂ ਚੋਟਾਂ ਨੇ ਪੱਥਰ ਬਣਾ ਦਿੱਤਾ ਤੇ ਮੈਂ 'ਇੱਟਾਂ' ਨੂੰ ਤਾਬੜ ਤੋੜ ਜਵਾਬ ਦੇਂਦੀ। ਆਖ਼ਿਰ ਡੈਡੀ ਦਾ ਦਿਲ ਪੰਘਰਿਆ, ਮੈਂ ਪ੍ਰਾਈਵੇਟ ਪੇਪਰ ਦਿੱਤੇ। ਮੈਂ ਪੀ-ਐਚ.ਡੀ. ਕਰਨਾ ਚਾਹੁੰਦੀ ਸੀ ਪਰ ਉਨ੍ਹਾਂ ਕੰਪਿਊਟਰ ਡਿਗਰੀ 'ਚ ਦਾਖਿਲਾ ਕਰਵਾ ਦਿੱਤਾ। ਸਾਡੇ ਵਿੱਚ ਬਹੁਤ ਕੁੱਝ ਟੁੱਟ ਚੁੱਕਿਆ ਸੀ, ਨਵਾਂ ਉਸਰ ਚੁਕਿਆ ਸੀ, ਮੈਂ ਖੁਸ਼ ਸੀ ਕਿ ਚਲੋ ਘਰੋਂ ਬਾਹਰ ਨਿਕਲਣ ਦਾ ਬਹਾਨਾ ਤਾਂ ਬਣਿਆ। ਪਿਤਾ ਜੀ ਵੀ ਮੇਰੇ ਲਗਾਤਾਰ ਪਾਸ ਹੋਣ ਤੋਂ ਸੰਤੁਸ਼ਟ ਸੀ। ਮੈਨੂੰ ਪਤਾ ਸੀ ਕਿ ਦਿਲੋਂ ਉਹ ਮੇਰੇ ਤੇ ਵਿਸ਼ਵਾਸ ਕਰਦੇ ਹਨ। ਮੈਂ ਕਦੇ ਤੋੜਿਆ ਵੀ ਨਹੀਂ ਪਰ ਮੇਰੀ ਤਬੀਅਤ ਕਾਫ਼ਿਰਾਨਾ ਹੋ ਚੁੱਕੀ ਸੀ ਹੁਣ ਵੀ ਉਹ ਆਪਣੀ ਥਾਂ ਠੀਕ ਸੀ।

ਮੈਂ ਆਪਣੀ ਥਾਂ ਠੀਕ ਸੀ।

ਆਖ਼ਿਰ 'ਚ ਮੈਨੂੰ ਪਿਆਰ ਹੋ ਗਿਆ, ਜੋ ਕਦੇ ਨਹੀਂ ਸੀ ਹੋਣਾ ਚਾਹੀਦਾ, ਪਰ ਹੋ ਗਿਆ। ਸਾਰਾ ਖਾਨਦਾਨ, ਸਾਰਾ ਸਮਾਜ, ਸਭ ਸਾਥੀ, ਸਭ ਦੋਸਤ, ਪੱਤਾ-ਪੱਤਾ, ਪਾਣੀ ਹਵਾ, ਸਭ ਦੇ ਸਭ ਬਗਾਵਤ ਤੇ ਉੱਤਰ ਆਏ। ਮੇਰੇ ਡੈਡੀ-ਮਾਂ ਨੂੰ ਤੋੜ-ਤੋੜ ਖਾਂਦੇ। ਮੈਨੂੰ ਆਪਣੇ ਪਿਆਰ ਤੇ ਪੂਰਾ ਯਕੀਨ ਸੀ। ਉਹ ਮੇਰੀ ਬਰਬਾਦੀ ਤੇ ਕਹਿੰਦੇ ਕੁੱਝ ਨਾ, ਘੁਲਦੇ ਰਹਿੰਦੇ ਅੰਦਰੋਂ-ਅੰਦਰੀ ਮੈਂ ਪੁੱਛਿਆ ਡੈਡੀ ਜੀ ਕੀ ਗੱਲ ਹੈ, ਉਨ੍ਹਾਂ ਕਿਹਾ ''ਲੋਕੀ ਧੀ ਜੰਮਣ ਤੋਂ ਪਤਾ ਕਿਉਂ ਡਰਦੇ ਨੇ, ਸਿਰਫ਼ ਏਸੇ ਗੱਲੋਂ, ਉਹ ਫੁੱਟ-ਫੁੱਟ ਕੇ ਰੋ ਪਏ। ਮੈਂ ਵੀ ਕੁੱਝ ਉਨ੍ਹਾਂ ਦੇ ਦੁੱਖ ਤੋਂ ਜ਼ਿਆਦਾ ਆਪਣੀ ਮੁਹੱਬਤ ਨੂੰ ਯਾਦ ਕਰਕੇ। ਲਗਦਾ ਸੀ ਉਹ ਆਪਣੀ ਥਾਂ ਠੀਕ ਸੀ ਮੈਂ ਆਪਣੀ ਥਾਂ ਠੀਕ ਸੀ...।

ਹਾਲਾਤ ਏਦਾਂ ਦੇ ਬਣੇ ਕਿ ਕਿਸੇ ਜ਼ਮਾਨੇ ਵਿੱਚ ਦੇਵੀ ਮਾਤਾ ਬਣਨ ਵਾਲੀ ਕੁੜੀ ਨੇ ਘਰੋਂ ਦੌੜ ਕੇ ਵਿਆਹ ਕਰਵਾ ਲਿਆ। ਪਰ ਹੁਣ ਮੈਂ ਹਰ ਵੇਲੇ ਰੋਂਦੀ, ਅੰਦਰੋ-ਅੰਦਰ ਘੁਲਦੀ, ਆਪਣੇ ਸਿਆਪੇ ਆਪੇ ਕਰਦੀ, ਹਰ ਰਾਤ ਸੁੱਬਕਦੀ ਸੌਂਦੀ। ਪਿਛਲੀ ਹਰ ਗੱਲ ਚੇਤੇ ਕਰਦੀ, ਸੋਚਦੀ..., ਹਾਏ ਕਿੱਦਾਂ ਦਾ ਲੱਗਾ ਹੋਵੇਗਾ ਜਦੋਂ ਉਨ੍ਹਾਂ ਨੂੰ ਮੇਰੇ ਵਿਆਹ ਦਾ ਫ਼ੋਨ ਗਿਆ ਹੋਵੇਗਾ, ਕਿੰਝ ਉਹ ਆਪਣੇ ਕੁਆਟਰ ਵਿੱਚੋਂ ਚੁਪ-ਚਾਪ ਨਿਕਲੇ ਹੋਣਗੇ। ਕਿਦਾਂ ਡੈਡੀ ਨੇ ਹੰਝੂਆਂ ਨੂੰ ਛੁੱਪਾ ਕੇ ਬੱਸ ਵਿੱਚ ਅੱਧੇ ਘੰਟੇ ਦਾ ਸਫ਼ਰ ਕੀਤਾ ਹੋਵੇਗਾ। ਕਿੰਝ ਉਹ ਥਾਣੇ ਸੂਚਨਾ ਦੇਣ ਗਏ ਹੋਣਗੇ ਉਫਫ... ਮੇਰਾ ਦਿਮਾਗ ਘੁੰਮਿਆ ਰਹਿੰਦਾ ਮੈਂ ਰਾਤਾਂ ਨੂੰ ਉਠ-ਉਠ ਕੇ ਦੌੜਦੀ। ਮੇਰਾ ਸਾਥੀ ਬਹੁਤ ਚੰਗਾ ਸੀ ਪਰ ਸੱਸ ਮਾੜੀ ਟੱਕਰੀ। ਸੋ ਡੈਡੀ ਦੀ ਯਾਦ ਹੋਰ ਸਤਾਉਂਦੀ ਆਖ਼ਿਰ... ਮੈਂ ਚੁੱਕਿਆ ਸਕੂਟਰ ਤੇ ਸਿੱਧੀ ਜਾ ਪਹੁੰਚੀ। ਸਭ ਬਹੁਤ ਰੋਏ, ਡੈਡੀ ਅੰਦਰੋਂ ਨਿਕਲੇ, ਰੋਂਦੇ-ਰੋਂਦੇ ਕਹਿਣ ਲੱਗੇ, ਦੱਸ ਮੇਰੇ ਨਾਲ ਤੂੰ ਚੰਗਾ ਕਰਕੇ ਗਈ ਹੈਂ'' ਉਦੋਂ ਆਪਣੀ ਹੋਸ਼ 'ਚ ਮੈਂ ਪਹਿਲੀ ਵਾਰ ਆਪਣੇ ਡੈਡੀ ਨੂੰ ਸਿੱਧੀ ਜੱਫੀ ਪਾ ਲਈ ਤੇ ਰੋਣ ਲੱਗੀ । ਪੱਕਾ ਉਸ ਦਿਨ ਉਹ ਆਪਣੀ ਥਾਂ ਤੇ ਠੀਕ ਸੀ ਮੈਂ ਆਪਣੀ ਥਾਂ ਤੇ ਠੀਕ ਸੀ।

ਸਮਾਂ ਬੀਤਿਆਂ ਡੇਢ ਸਾਲ ਬਾਅਦ ਮੇਰੇ ਮੁੰਡਾ ਹੋਇਆ, ਡੈਡੀ ਸਾਰਾ ਦਿਨ ਭੁਖੇ-ਤਿਹਾਏ ਨਾਲ ਰਹੇ ਅੰਦਰ ਉਨ੍ਹਾਂ ਦੇ ਅੰਦਰ ਰੋਸਾ ਸੀ ਜ਼ਰੂਰ, ਪਰ ਬਾਹਰ ਨਾਂ ਜਤਾਉਂਦੇ । ਮੇਰੇ ਕਾਕੇ ਨੂੰ ਪਿਆਰ ਕਰਦੇ ਤੇ ਕਹਿੰਦੇ ''ਦੁਨੀਆ ਬੜੇ ਰੰਗਾਂ ਦੀ ਹੈ''।

ਇਕ ਦਿਨ ਕਹਿੰਦੇ ''ਜ਼ਾਰਾ ਬੇਟੇ ਆਪਣਾ ਸਮਾਨ ਲੈ ਜਾ'' ਕੁੱਝ ਉਨ੍ਹਾਂ ਮੈਨੂੰ ਲੈ ਵੀ ਦਿੱਤਾ ਸੀ। ਪੰਜ ਲੱਖ ਜੋ ਮੇਰੇ ਹਿੱਸੇ ਦਾ ਜਮ੍ਹਾਂ ਰੱਖਿਆ ਸੀ ਉਹ ਵੀ ਦੇ ਦਿੱਤਾ ਸੀ। ਮੈਂ ਜੜ੍ਹ ਹੋ ਗਈ ਆਪਣੇ ਪਿਉ ਦਾ ਦਿਲ ਦੇਖ ਕੇ। ਆਪਣੇ ਡੈਡੀ ਦੀ ਮਹਾਨਤਾ ਦੇਖ ਕੇ ਮੈਂ ਕਿਹਾ ''ਡੈਡੀ ਕੁੱਝ ਨਹੀਂ ਚਾਹੀਦਾ।'' ਕਹਿੰਦੇ ਨਹੀਂ ''ਲੈ ਜਾ'' ਮੈਂ ਕਿਹਾ ਡੈਡੀ ਹੋਰ ਕੁੱਝ ਨਹੀਂ ਬਸ ਉਹ ਖੇਸ, ਦਰੀਆਂ ਤੇ ਚਿੱਟਾ ਸੰਗਮਰਮਰ ਦਾ ਚੱਕਲਾ ਲੈ ਜਾਂਦੀ ਹਾਂ, ਕਿਉਂਕਿ ਉਨ੍ਹਾਂ 'ਚ ਤੁਹਾਡੀਆਂ ਦੁਆਵਾਂ ਤੇ ਖ਼ੂਨ-ਪਸੀਨਾ ਰਲਿਆ ਹੈ, ਤੇ ਅਸਾਂ ਦੋਹਾਂ ਨੇ ਹਉਕੇ ਲਏ, ਅੱਜ ਅਸੀਂ ਦੋਵੇਂ ਹੀ ਠੀਕ ਸੀ।

# ਮਾਂ ਬੋਲੀ ਪੰਜਾਬੀ ਜੇ ਭੁੱਲ ਜਾਵੋਂਗੇ
# ਕੱਖਾਂ ਵਾਂਗੂੰ ਰੁੱਲ ਜਾਵੋਂਗੇ

ਸਿਹਤ ਸੰਭਾਲ

# ਮੂੰਹ ਵਿਚ ਛਾਲੇ ਅਤੇ ਇਲਾਜ

ਅਨਿਯਮਤ ਅਤੇ ਗ਼ਲਤ ਭੋਜਨ-ਵਿਹਾਰ ਕਰਨ, ਬਾਜ਼ਾਰ ਦੀਆਂ ਚਟਪਟੀਆਂ ਤੇ ਮਸਾਲੇਦਾਰ ਵਸਤੂਆਂ ਨੂੰ ਜ਼ਿਆਦਾ ਖਾਣੇ ਨਾਲ ਪਾਚਨ ਤੰਤਰ ਖਰਾਬ ਹੋ ਜਾਂਦਾ ਹੈ, ਕਬਜ਼ ਰਹਿਣ ਲਗਦੀ ਹੈ, ਪੇਟ ਵਿਚ ਗਰਮੀ ਜ਼ਿਆਦਾ ਵਧ ਜਾਂਦੀ ਹੈ, ਪੇਟ ਸਾਫ ਨਹੀਂ ਹੁੰਦਾ, ਜਿਸ ਨਾਲ ਮਲ ਇਕੱਠਾ ਹੋ ਜਾਂਦਾ ਅਤੇ ਇਨ੍ਹਾਂ ਕਾਰਨਾਂ ਕਰਕੇ ਮੂੰਹ ਵਿਚ ਛਾਲੇ ਹੋ ਜਾਂਦੇ ਹਨ।



ਮੂੰਹ ਦੇ ਛਾਲਿਆਂ ਨੂੰ ਦੂਰ ਕਰਨ ਲਈ ਸਭ ਤੋਂ ਪਹਿਲਾਂ ਪੇਟ ਨੂੰ ਸਾਫ ਰੱਖੋ। ਕਬਜ਼ ਨਹੀਂ ਰਹੇ, ਇਸ ਲਈ ਈਸਬਗੋਲ ਦਾ ਬੂਰਾ, ਆਂਵਲੇ ਦਾ ਚੂਰਨ ਅਤੇ ਹਰੜ ਦੇ ਚੂਰਨ ਦੀ ਵਰਤੋਂ ਕਰੋ। ਸਵੇਰੇ-ਸ਼ਾਮ ਪਖਾਨਾ ਨਿਯਮਤ ਰੂਪ ਨਾਲ ਜਾਓ ਅਤੇ ਤੇਜ਼ ਮਿਰਚ-ਮਸਾਲੇ ਅਤੇ ਦੇਰ ਨਾਲ ਹਜ਼ਮ ਹੋਣ ਵਾਲੇ ਪਦਾਰਥਾਂ ਦਾ ਸੇਵਨ ਨਾ ਕਰੋ। ਹਰੀਆਂ ਸਬਜ਼ੀਆਂ, ਦੁੱਧ, ਲੱਸੀ ਦਾ ਜ਼ਿਆਦਾ ਸੇਵਨ ਕਰੋ।

ਚਾਹ ਤੇ ਕਾਫੀ ਦੀ ਵਰਤੋਂ ਘੱਟ ਕਰੋ। ਸ਼ਾਮ ਦੇ ਭੋਜਨ ਵਿਚ ਕੁਝ ਦਿਨਾਂ ਤੱਕ ਸਿਰਫ਼ ਖਿਚੜੀ ਹੀ ਲਉ। ਕਦੀ ਦੁੱਧ, ਦਲੀਆ, ਕਦੀ ਦਾਲ ਦਲੀਆ ਤੇ ਛਿਲਕੇ ਵਾਲੀ ਮੂੰਗ ਦੀ ਦਾਲ ਖਾਓ। ਜਿਨ੍ਹਾਂ ਵਿਅਕਤੀਆਂ ਨੂੰ ਵਾਰ-ਵਾਰ ਛਾਲੇ ਹੁੰਦੇ ਹਨ, ਉਨ੍ਹਾਂ ਨੂੰ ਟਮਾਟਰ ਦੀ ਵਰਤੋਂ ਜ਼ਿਆਦਾ ਕਰਨੀ ਚਾਹੀਦੀ। ਛਾਲੇ ਹੋਣ ’ਤੇ ਹੇਠ ਲਿਖੇ ਉਪਾਅ ਕਰੋ : ਸਵੇਰੇ ਭੋਜਨ ਤੋਂ ਬਾਅਦ 1-2 ਪੱਕੇ ਕੇਲੇ ਖਾਣ ਦੇ ਬਾਅਦ 2 ਟੁਕੜੇ ਪੇਠਾ (ਮੁਰੱਬਾ) ਦੇ ਖਾਓ।

ਦਿਨ ਵਿਚ 2-3 ਵਾਰ ਕੱਚੇ ਨਾਰੀਅਲ ਦੇ 2-3 ਟੁਕੜੇ ਅਤੇ ਚਿਰਾਜੀ ਚਬਾ ਕੇ ਖਾ ਲਉ।

ਰਾਤ ਨੂੰ ਦੁੱਧ ਦੇ ਨਾਲ ਇਕ ਚਮਚ ਸ਼ੁੱਧ ਗਊ ਦਾ ਘਿਓ ਪਾ ਕੇ ਪੀਓ ਅਤੇ ਸਵੇਰੇ ਪਖਾਨਾ ਜਾਣ ਤੋਂ ਪਹਿਲਾਂ ਇਕ ਗਿਲਾਸ ਪਾਣੀ ਵਿਚ ਨਿੰਬੂ ਨਿਚੋੜ ਕੇ ਥੋੜ੍ਹੀ ਸ਼ੱਕਰ ਮਿਲਾ ਕੇ ਪੀਂਦੇ ਰਹਿਣ ਨਾਲ ਮੂੰਹ ਦੇ ਛਾਲੇ ਠੀਕ ਹੋ ਜਾਂਦੇ ਹਨ।

ਇਕ ਗਿਲਾਸ ਗਰਮ ਦੁੱਧ ਵਿਚ ਅੱਧਾ ਚਮਚ ਪਿਸੀ ਹਲਦੀ ਪਾ ਕੇ ਪੀਉ।

ਹਰੇ ਧਨੀਏ ਨੂੰ ਚਬਾਉਣ ਨਾਲ ਮੂੰਹ ਦੇ ਛਾਲੇ ਠੀਕ ਹੋ ਜਾਂਦੇ ਹਨ।

ਚਮੇਲੀ ਦੇ ਪੱਤਿਆਂ ਨੂੰ ਚਬਾ ਕੇ ਰਸ ਥੁੱਕਦੇ ਜਾਓ। ਛਾਲੇ ਠੀਕ ਹੋ ਜਾਣਗੇ।

ਮਹਿੰਦੀ ਦੇ ਪੱਤਿਆਂ ਨੂੰ ਰਾਤ ਨੂੰ ਪਾਣੀ ਵਿਚ ਭਿਉਂ ਕੇ ਰੱਖ ਦਿਉ। ਸਵੇਰੇ ਪਾਣੀ ਨੂੰ ਛਾਣ ਕੇ ਉਸ ਨਾਲ ਕੁਰਲੀ ਕਰਦੇ ਰਹਿਣ ਨਾਲ ਛਾਲੇ ਠੀਕ ਹੋ ਜਾਂਦੇ ਹਨ। ਜਾਮਨ ਦੇ ਨਰਮ ਤੇ ਕੋਮਲ ਪੱਤਿਆਂ ਨੂੰ ਉਬਾਲ ਕੇ ਉਸ ਪਾਣੀ ਨਾਲ ਕੁਰਲੀ ਕਰੋ।

ਛੋਟੀ ਹਰੜ ਨੂੰ ਬਾਰੀਕ ਪੀਸ ਕੇ ਛਾਲਿਆਂ ’ਤੇ ਲਗਾਉਣ ਨਾਲ ਮੂੰਹ, ਬੁੱਲ੍ਹਾਂ ਅਤੇ ਜੀਭ ਦੇ ਛਾਲੇ ਠੀਕ ਹੋ ਜਾਂਦੇ ਹਨ। ਰਾਤ ਨੂੰ ਭੋਜਨ ਦੇ ਬਾਅਦ ਇਕ ਹਰੜ ਚੂਸੋ।

ਟਮਾਟਰ ਦੇ ਤਾਜ਼ੇ ਰਸ ਵਿਚ ਪਾਣੀ ਮਿਲਾ ਕੇ ਕੁਰਲੀ ਕਰਨ ਨਾਲ ਮੂੰਹ ਅਤੇ ਜੀਭ ਦੇ ਛਾਲੇ ਦੂਰ ਹੋ ਜਾਂਦੇ ਹਨ। ਖਾਣਾ ਖਾਣ ਤੋਂ ਪਹਿਲਾਂ ਟਮਾਟਰ ਦਾ ਰਸ ਪੀ ਲਉ।

ਗਿਲਸਰੀਨ ਲਗਾ ਕੇ ਲਾਰ ਟਪਕਾਉਣ ਨਾਲ ਵੀ ਛਾਲਿਆਂ ਨੂੰ ਆਰਾਮ ਮਿਲਦਾ ਹੈ।

ਛੋਟੀ ਇਲਾਇਚੀ ਪੀਸ ਕੇ ਛਾਲਿਆਂ ’ਤੇ ਭੁਰਕੋ ਅਤੇ ਲਾਰ ਡਿਗਣ ਦਿਉ। ਦਿਨ ਵਿਚ 2-3 ਵਾਰ ਇਸ ਤਰ੍ਹਾਂ ਕਰਨ ਨਾਲ ਅਰਾਮ ਮਿਲਦਾ ਹੈ?

ਤਾਜ਼ਾ ਫਿੱਕਾ ਦਹੀਂ ਖਾਣ, ਤੁਲਸੀ ਦੀਆਂ ਚਾਰ-ਪੰਜ ਪੱਤੀਆਂ ਨੂੰ ਚਬਾ ਕੇ ਉੱਪਰ ਤੋਂ ਪਾਣੀ ਪੀਣ, ਗੁੜ ਦੀ ਡਲੀ ਨੂੰ ਮੂੰਹ ਵਿਚ ਰੱਖਣ ਨਾਲ ਵੀ ਮੂੰਹ ਦੇ ਛਾਲੇ ਦੂਰ ਹੁੰਦੇ ਹਨ।

# ਜੇਠੂ ਦਾ ਕੋਠਾ

**ਸਤਵਿੰਦਰ ਸਿੰਘ ਬੇਗੋਵਾਲੀਆ**

**ਪ੍ਰਸਿੱਧ ਨਾਟਕਕਾਰ ਸਤਵਿੰਦਰ ਸਿੰਘ ਬੇਗੋਵਾਲੀਆ ਨਗਰ ਬੇਗੋਵਾਲ ਦੇ ਸਿਰਕੱਢ ਮੁਰੱਬੀਆ ਪਰਿਵਾਰ ਦੇ ਫਰਜ਼ੰਦ ਹਨ। ਆਪ ਜੀ ਪੰਜਾਬ ਸਿੱਖਿਆ ਵਿਭਾਗ ਵਿਚੋਂ ਬਤੌਰ ਪ੍ਰਿੰਸੀਪਲ ਸੇਵਾ ਮੁਕਤ ਹੋਏ ਹਨ। ਆਪ ਜੀ ਨੇ ਆਪਣੀ ਕਲਮ ਤੋਂ ਤਕਰੀਬਨ ਅੱਧੀ ਦਰਜਨ ਨਾਟ ਪੁਸਤਕਾਂ ਪੰਜਾਬੀ ਸਾਹਿਤ ਦੀ ਝੋਲੀ ਵਿਚ ਪਾਈਆਂ ਹਨ। ਉਹਨਾਂ ਨੂੰ ਆਈ.ਸੀ. ਨੰਦਾ ਨਾਟਕ ਪੁਰਸਕਾਰ ਨਾਲ ਸਨਮਾਨਿਤ ਵੀ ਕੀਤਾ ਜਾ ਚੁੱਕਾ ਹੈ। ਉਹਨਾਂ ਦੇ ਕੁਝ ਨਾਟਕਾਂ ਨੂੰ ਅਸੀਂ 'ਲੁਬਾਣਾ ਸੇਵਕ' ਵਿਚ ਧੰਨਵਾਦ ਸਹਿਤ ਲੜੀਵਾਰ ਛਾਪ ਕੇ ਖੁਸ਼ੀ ਮਹਿਸੂਸ ਕਰਦੇ ਹਾਂ।**

**ਸੁਰਿੰਦਰ ਸਿੰਘ ਰੂਬੀ 'ਸਹਿ ਸੰਪਾਦਕ'**



ਸਤਵਿੰਦਰ ਸਿੰਘ ਬੇਗੋਵਾਲੀਆ

ਜੇਠੂ : (ਪਰੇਸ਼ਾਨੀ ਵਿੱਚ) ਪੰਜਾਹ ਸੱਠ ਹਜ਼ਾਰ?

ਕਿਰਪਾ : ਤੈਨੂੰ ਤਾਂ ਪਤੈ ਜ਼ਮੀਨ ਨੂੰ ਅੱਗ ਲੱਗ ਗਈ ਏ, ਫਿਰ ਪਿੰਡ ਨਾਲ ਲੱਗਦੀ ਪੈਲੀ? ਵੈਸੇ ਭੀ ਉਹ ਪੈਲੀ ਤਾਂ ਮੈਂ ਕਲੋਨੀ ਕੱਟਣ ਵਾਲਿਆਂ ਨੂੰ ਵੇਚਣ ਦੀ ਤਿਆਰੀ ਕਰ ਲਈ ਏ। ਪੰਡ ਨੋਟ ਮਿਲਣਗੇ ਤੇ ਘਰ ਦੀ ਗਰੀਬੀ ਨਿਕਲ ਜਾਵੇਗੀ।

ਜੇਠੂ : ਐਥੇ ਤਾਂ ਸਾਰੀਆਂ ਗਿਣਤੀਆਂ ਮਿਣਤੀਆਂ ਹੀ ਉਲਟੀਆਂ ਪਲਟੀਆਂ ਹੋ ਗਈਆਂ ਨੇ।

ਕਿਰਪਾ : ਤੇਰਾ ਕੰਮ ਆਪਣੀ ਨਹਿਰ ਵਾਲੀ ਪੈਲੀ ਵਿੱਚ ਬਣ ਸਕਦੈ। ਚਾਰ ਕਿਲੇ ਜ਼ਮੀਨ ਵਿੱਚੋਂ ਜਿਥੇ ਦਿਲ ਕਰੇ ਚਾਰ ਮਰਲੇ ਹੱਥ ਧਰ ਲੈ, ਪੰਜ-ਦਸ ਹਜ਼ਾਰ ਵਿੱਚ ਮਰਲਾ ਮਿਲ ਜਾਵੇਗਾ।

ਜੇਠੂ : ਨਹਿਰ ਨੇੜੇ ਘਰ ਪਾਉਣਾ ਪਵੇਗਾ? ਸਾਨੂੰ ਕੋਈ ਲੁੱਟ ਕੇ ਈ ਨਾ ਲੈ ਜਾਏ?

ਕਿਰਪਾ : ਕੀ ਲੈ ਜਾਏਗਾ ਕੋਈ ਲੁੱਟ ਕੇ ਤੇਰਾ? ਤੈਨੂੰ ਲੁੱਟਣ ਤੋਂ ਪਹਿਲਾਂ ਬੰਦਾ ਡੁੱਬ ਕੇ ਨਾ ਮਰ ਜਾਏਗਾ ਸ਼ਰਮ ਨਾਲ?

ਜੇਠੂ : ਰਾਤ ਸੁੱਤਿਆਂ ਦਾ ਕੀਰਤਨ ਸੋਹਿਲਾ ਨਾ ਪੜ੍ਹ ਦੇਵੇ ਸਾਡਾ।

ਕਿਰਪਾ : ਐਨਾ ਡਰ? ਓ ਕਮਲਿਆ, ਤੇਰੇ ਨਾਲ ਪਿਆਰ ਏ, ਤੀਹ ਸਾਲ ਦੀ ਸਾਂਝ ਏ। ਤੈਨੂੰ ਭਰਾ ਸਮਝਦਾ ਸੱਕਾ, ਇਸੇ ਕਰਕੇ ਕਹਿ ਦਿੱਤਾ ਏ ਤੂੰ ਕਿਸੇ ਪਾਸਿਓਂ ਵੀ ਕੱਟ ਲੈ ਚਾਰ ਮਰਲੇ।

ਜੇਠੂ : ਨਹਿਰ ਕਿਨਾਰੇ, ਜੰਗਲ ਬੀਆਬਾਨ। ਪਿੰਡ ਵਿੱਚ ਰਹਿਣੇ ਆਂ, ਸੌ ਬੰਦੇ ਟਕਰਦੇ ਨੇ, ਦੁੱਕ-ਸੁੱਖ ਸਾਂਝਾ ਕਰ ਲਈਦੈ।

ਕਿਰਪਾ : ਇੱਕ ਮੈਂ ਵਾ ਜਿਹੜਾ ਘੜੀ ਗਪ ਸ਼ਪ ਚਲਾਉਣ ਵਾਸਤੇ ਤੇਰੇ ਕੋਲ ਆ ਜਾਨਾਂ, ਬਾਕੀ ਲੋਕ ਤਾਂ ਭਿੱਜੀ ਬਿੱਲੀ ਵਾਂਗ ਆਪੋ ਆਪਣੇ ਅੰਦਰਾਂ 'ਚ ਵੜੇ ਰਹਿੰਦੇ ਨੇ। ਤੈਨੂੰ ਹਾਲਾਤਾਂ ਕਰਕੇ ਘਰ ਤਾਂ ਛੱਡਣਾ ਹੀ ਪੈਣੈ। ਬਾਹਰ ਪੈਲੀ ਵਿੱਚ ਸਵਰਗ ਏ ਸਵਰਗ, ਪਿੰਡ ਤਾਂ ਨਰਕ ਬਣਿਆ ਪਿਐ। ਬਾਹਰ ਠੰਢੀ ਮਿੱਠੀ ਹਵਾ ਖਾਇਓ ਤੇ ਨਾਲੇ ਹੇਕ ਲਾ ਕੇ ਗੀਤ ਗਾਇਓ :-

ਸਾਡੇ ਖੇਤਾਂ ਵਿੱਚ ਰੱਬ ਵੱਸਦਾ,  
ਸਾਨੂੰ ਸਵਰਗਾਂ ਦੀ ਲੋੜ ਕੋਈ ਨਾ।  
ਤੂੰ ਵੀ ਗਾ।

(ਜੇਠੂ ਗੰਭੀਰ ਹੋ ਜਾਂਦਾ ਹੈ)

ਸੋਚੀਂ ਪੈ ਗਿਐਂ? ਤਾਰੋ ਨਾਲ ਸਲਾਹ ਕਰ ਲੈ ਪਰ ਮੌਕਾ ਨਾ ਖੁੰਝਾ ਬੈਠੀਂ। ਅਜੇ ਤੱਕ ਤਾਂ ਮੇਰੇ ਨਿਆਣੇ ਵੀ ਮੇਰੇ ਕਹਿਣੇ ਵਿੱਚ ਨੇ, ਕੱਲ੍ਹ ਦਾ ਕੀ ਪਤੈ, ਕਿਹਦੀ ਤੂਤੀ ਬੋਲੇਗੀ। ਮੈਂ ਚਲਦਾਂ, ਕਰ ਲੈ ਵਿਚਾਰ।

(ਜਾਂਦਾ ਹੈ)

ਜੇਠੂ : ਜਿਹੜਾ ਟਕਰਦਾ ਏ ਕਹਿੰਦਾ ਏ ਕਰ ਲੈ ਵਿਚਾਰ। ਮੈਂ 'ਕੱਲਾ ਈ ਵਿਚਾਰ ਕਰੀ ਜਾਵਾਂ ਬਾਕੀ ਐਸ਼ ਪਈ ਕਰਦੀ ਏ ਸਾਰੀ ਖ਼ਲਕਤ। ਕੁੜਿੱਕੀ ਸ਼ਾਹ ਨੇ ਮੈਨੂੰ ਛੱਡਦਾ ਨਹੀਂ, ਬੜਾ ਕਲੈਹਣਾ ਬੰਦਾ ਏ।

(ਕੁੜਿੱਕੀ ਸ਼ਾਹ ਆਉਂਦਾ ਹੈ)

ਕੁੜਿੱਕੀ : ਓਏ ਜੇਠੂ, ਇੱਕ ਘੰਟੇ 'ਚ ਘਰ ਖ਼ਾਲੀ ਕਰ ਦੇ।

ਜੇਠੂ : ਹੈਂ?

ਕੁੜਿੱਕੀ : ਹਾਂ, ਸੁਣਿਐਂ?

ਜੇਠੂ : ਸੇਠ ਜੀ, ਹਫ਼ਤਾ ਖੰਡ ਤਾਂ ਦੇ ਦਿਓ। ਹੋਰ ਕਿਤੇ ਜੁਗਾੜ ਤਾਂ ਕਰ ਲਵਾਂ।

ਕੁੜਿੱਕੀ : ਹਫ਼ਤਾ ਹੁਫ਼ਤਾ ਨਹੀਉਂ ਮਿਲਣਾ, ਇੱਕ ਘੰਟੇ 'ਚ ਸਾਰਾ ਸਾਮਾਨ ਬਾਹਰ ਕੱਢ ਲੈ ਨਹੀਂ ਤਾਂ.....

ਜੇਠੂ : ਰਹਿਮ ਖਾਉ ਸ਼ਾਹ ਜੀ।

ਕੁੜਿੱਕੀ : ਤੇਰੀ ਰਹਿਮ ਦੀ ਅਪੀਲ ਇਥੇ ਨਹੀਂ ਚੱਲਣੀ।

ਜੇਠੂ : ਆਹ ਹੱਥਾਂ ਵੱਲ ਵੇਖੋ।
(ਹੱਥ ਜੋੜਦਾ ਹੈ)

ਕੁੜਿੱਕੀ : ਮੂਵੀ ਬਣਾਵਾਂ ਤੇਰੇ ਹੱਥਾਂ ਦੀ।

ਜੇਠੂ : ਇੰਜ ਮਖੌਲ ਨਾ ਕਰੋ ਗਰੀਬ ਨਾਲ ।ਮੇਰੇ ਬੱਚਿਅ ਵੱਲ ਈ ਵੇਖੋ-ਉਹਨਾਂ ਦੀਆਂ ਅੱਖਾਂ ਵਿੱਚ ਅੱਥਰੂ, ਮੈਂ ਵੇਖ ਨਹੀਂ ਸਕਾਂਗਾ।

ਕੁੜਿੱਕੀ : ਕਿਉਂ ਵੇਖਾਂ ਮੈਂ ਤੇਰੇ ਬੱਚਿਆਂ ਵੱਲ? ਬੱਚੇ ਤੇਰੇ ਨੇ, ਤੂੰ ਹੀ ਵੇਖ। ਕਰਦੇ ਘਰ ਖਾਲੀ, ਨਹੀਂ ਤਾਂ ਪੰਜ ਮਿੰਟਾਂ ਵਿੱਚ ਤੇਰੀਆਂ ਮੰਜੀਆਂ ਗਲੀ ਵਿੱਚ ਖਿਲਰੀਆਂ ਹੋਣਗੀਆਂ।

ਜੇਠੂ : (ਰੌਂਦਾ ਹੋਇਆ) ਇਸ ਘਰ ਨਾਲ ਕਿੰਨਾ ਮੋਹ ਵੇ। ਇਥੇ ਹੀ ਜੰਮਿਆ ਪਲਿਆ, ਵਿਆਹ ਦਾ ਰੌਣਕ ਮੇਲਾ ਵੀ ਇਥੇ ਹੀ ਬੱਝਾ, ਸਾਡਾ ਬਾਪੂ ਤੁਹਾਡੀ ਚਾਲ ਵਿੱਚ ਫਸ ਗਿਆ ਤੇ ਤੁਸੀਂ ਉਹਦੇ ਤੋਂ ਘਰ ਲਿਖਵਾ ਲਿਆ।

ਕੁੜਿੱਕੀ : ਤੇਰੇ ਪਿਉ ਦੇ ਗਲ ਵਿੱਚੋਂ ਕਰਜ਼ੇ ਦੀ ਫਾਹੀ ਵੀ ਤਾਂ ਮੈਂ ਈ ਲਾਹੀ ਸੀ ਤੇ ਨਾਲ ਸੌ ਸੌ ਦੇ ਵੀਹ ਨੋਟ ਵੀ ਤਾਂ ਤੇਰੇ ਬਾਪੂ ਨੇ ਹੀ ਪਾਏ ਸੀ ਜੇਬ ਵਿੱਚ।

ਜੇਠੂ : ਸਿਰਫ਼ ਵੀਹ ਨੋਟ ਹੀ?

ਕੁੜਿੱਕੀ : ਸਤਯੁੱਗ ਦੀਆਂ ਗੱਲਾਂ ਨੇ, ਉਦੋਂ ਦਾ ਇੱਕ ਰੁਪਿਆ ਅੱਜ ਦੇ ਸੌ ਦੇ ਬਰਾਬਰ ਏ। ਹੁਣ ਤਾਂ ਕਲਯੁਗ ਏ ਕਲਯੁਗ, ਲੋਕ ਹੁਣ ਤਾਂ ਨੋਟਾਂ ਦੀਆਂ ਬੋਰੀਆਂ ਚੁੱਕੀ ਫਿਰਦੇ ਨੇ।

ਜੇਠੂ : ਪੈਸੇ ਦੇ ਹੜ੍ਹ ਨੇ ਸਾਡੇ ਵਰਗੇ ਰੋੜ ਦਿੱਤੇ ਨੇ, ਇਸ ਹੜ੍ਹ ਅੱਗੇ ਸਾਡੀ ਕੋਈ ਵਾਹ ਵਟਕ ਨਹੀਂ ਚਲਦੀ।

ਕੁੜਿੱਕੀ : ਜ਼ਿਆਦਾ ਭਾਸ਼ਣ ਨਾ ਝਾੜ, ਚੁੱਕ ਲੈ ਸਮਾਨ ਤੇ ਮੈਂ ਮਾਰਾਂ ਜੰਦਰਾ।

ਜੇਠੂ : ਹਾਏ ਓ ਰੱਬਾ! (ਫੁੱਟ ਫੁੱਟ ਕੇ ਰੋਂਦਾ ਹੈ ਪਰ ਕੁੜਿੱਕੀ ਸ਼ਾਹ 'ਤੇ ਕੋਈ ਅਸਰ ਨਹੀਂ)।

ਕੁੜਿੱਕੀ : ਰੋ ਭਾਵੇਂ ਹੱਸ, ਘਰ ਖਾਲੀ ਕਰਨਾ ਈ ਪੈਣੈਂ। ਸਿੱਧੀ ਤਰ੍ਹਾਂ ਤੁਰ ਜਾ, ਨਹੀਂ ਤਾਂ ਮੇਰੇ ਬਦਮਾਸ਼ਾਂ ਨੂੰ ਹਰਕਤ ਵਿੱਚ ਆਉਣਾ ਹੀ ਪਵੇਗਾ। ਨਾਲੇ ਤੂੰ ਸਾਡੀ ਨਹੀਂ ਮੰਨੀ ਤਾਂ ਅਸੀਂ ਕਿਉਂ ਤਰਸ ਖਾਈਏ ਤੇਰੇ 'ਤੇ।

ਜੇਠੂ : ਨਾ ਖਾਓ ਤਰਸ, ਮੈਂ ਚਲੇ ਜਾਣਾਂ। (ਕੁੜਿੱਕੀ ਚਲਾ ਜਾਂਦਾ ਹੈ)।

ਗੀਤ ਦੀ ਆਵਾਜ਼ : ਇਸ ਮਿੱਟੀ 'ਚ ਵੱਡੇ ਹੋਏ
ਹਰ ਸਾਹ 'ਚ ਮਿੱਟੀ ਪ੍ਰਨਾਈ।
ਜਿਸ ਮਿੱਟੀ ਨੇ ਹਾਸੇ ਵੰਡੇ
ਉਹੀ ਮਿੱਟੀ ਹੋਈ ਪਰਾਈ।
(ਸਟੇਜ਼ ਨੰ. 2 ਤੋਂ ਇੱਕ ਆਦਮੀ ਅਨਾਉਸਮੈਂਟ ਕਰਦਾ ਹੈ)

ਅਨਾਉਂਸਮੈਂਟ : ਇਲਾਕਾ ਨਿਵਾਸੀਓ, ਤੁਹਾਨੂੰ ਇਹ ਜਾਣ ਕੇ ਚਾਅ ਚੜ੍ਹ ਜਾਵੇਗਾ ਕਿ ਇਸ ਕਸਬੇ ਦੇ ਚੜ੍ਹਦੇ ਪਾਸੇ ਸ਼ਾਹਪੁਰ ਰੋਡ 'ਤੇ ਅੱਜ ਦੀਆਂ ਸਹੂਲਤਾਂ ਤੇ ਪਬਲਿਕ ਦੀਆਂ ਲੋੜਾਂ ਅਨੁਸਾਰ ਇਕ ਸ਼ਾਨਦਾਰ ਕਲੋਨੀ ਕੱਟੀ ਗਈ ਹੈ, ਜਿਸ ਦਾ ਨਾਂ ਹੈ—ਸੰਜੀਵਨੀ ਅਸਟੇਟ। ਆਪਣੇ ਸੁਫ਼ਨਿਆਂ ਦਾ ਘਰ ਬਣਾਓ, ਵੀਹ-ਵੀਹ ਫੁੱਟ ਚੌੜੀਆਂ ਸੜਕਾਂ, ਤੁਹਾਡੀ ਕਾਰ ਤੁਹਾਡੇ ਘਰ ਤੱਕ ਜਾਵੇਗੀ, ਪਾਣੀ ਦੇ ਨਿਕਾਸ ਵਾਸਤੇ ਸੀਵਰੇਜ਼ ਦਾ ਯੋਗ ਪ੍ਰਬੰਧ ਹੈ, ਮੀਂਹ ਪਵੇਗਾ ਤਾਂ ਪਾਣੀ ਦੀ ਬੂੰਦ ਸੜਕਾਂ 'ਤੇ ਨਹੀਂ ਲੱਭੇਗੀ। ਰੋਸ਼ਨੀ ਦੇ ਪ੍ਰਬੰਧ ਲਈ ਟਿਊਬ ਲਾਇਟਾਂ। ਹਰ ਕਿਸਮ ਦੇ ਪਲਾਟ ਖਰੀਦੋ-ਟੂ ਸਾਈਡ ਓਪਨ, ਵਨ ਸਾਈਡ ਓਪਨ। ਤੁਹਾਨੂੰ ਜਾਪੇਗਾ ਜਿਵੇਂ ਤੁਸੀਂ ਯੂਰਪ ਦੀ ਸੈਰ ਕਰ ਰਹੇ ਹੋ। ਸਭ ਤੋਂ ਵੱਡੀ ਸੰਜੀਵਨੀ ਅਸਟੇਟ ਪੁੱਡਾ ਵੱਲੋਂ ਪਾਸ ਕੀਤਾ ਗਿਆ ਹੈ।
(ਸ਼ਰਮਾ ਨਾਂ ਦਾ ਕਾਲੋਨਾਈਜ਼ਰ ਆਉਂਦਾ ਹੈ, ਅਨਾਉਂਸਮੈਂਟ ਕਰਨ ਵਾਲਾ ਆਦਮੀ, ਉਸ ਤੋਂ ਕੁੱਝ ਹਦਾਇਤਾਂ ਲੈ ਕੇ ਚਲਾ ਜਾਂਦਾ ਹੈ)

ਸ਼ਰਮਾ : (ਫੂਨ 'ਤੇ ਗੱਲ ਕਰਦਾ ਹੋਇਆ) ਜੀ ਜੀ ਮੁਲਤਾਨੀ ਸਾਹਿਬ, ਸ਼ਾਮਾਂ ਨੂੰ ਆਇਓ ਸੰਜੀਵਨੀ ਅਸਟੇਟ, ਤੁਹਾਨੂੰ ਬੱਸ ਸੈਰ ਈ ਕਰੌਣੀ ਏ। ਨਾਲੇ ਘੜੀ ਪੈੱਗ ਸ਼ੈੱਗ ਵੀ ਖੜਕਾਵਾਂਗੇ। ਤਿੰਨ ਚਾਰ ਜਣੇ ਹੀ ਹੋਵਾਂਗੇ। ਤੁਹਾਡੀ ਸੇਵਾ ਵਿੱਚ ਹਾਜ਼ਰ ਆਂ, ਨੌਕਰ ਕੀ ਤੇ ਨਖ਼ਰਾ ਕੀ..... (ਉੱਚੀ-ਉੱਚੀ ਹੱਸਦਾ ਹੈ, ਸਹਿਮਿਆ ਹੋਇਆ ਜੇਠੂ, ਸ਼ਰਮੇ ਕੋਲ ਪਹੁੰਚਦਾ ਹੈ)।

**(ਚੱਲਦਾ)**



# ਕਾਵਿ-ਕਿਆਰੀ



(ਲਫ਼ਜ਼ਾਂ ਦੀ ਲੋਏ ਲੋਏ)

## ਪਿਆਰ/ਹਰਬਖ਼ਸ਼ ਸਿੰਘ ਟਾਹਲੀ



ਪਿਆਰ ਦੀ ਦੂਰੀ ਤੜਪ ਪੈਦਾ ਕਰਦੀ ਹੈ
ਤੇ ਇਸੇ ਤੜਪ ਵਿਚੋਂ ਗੀਤ ਉਪਜਦਾ ਹੈ
ਗੀਤ ਕਦੇ ਦੁਨਿਆਵੀ ਨਹੀਂ ਹੁੰਦਾ
ਇਹ ਰੂਹ ਵਿਚੋਂ ਨਿਕਲਦਾ ਹੈ ਅਤੇ ਰੂਹਾਨੀਅਤ
ਮੰਡਲਾਂ ਵਿਚ ਉਡਦਾ ਹੈ-ਪੰਛੀ ਦੀ ਤਰ੍ਹਾਂ।
ਲੱਭੇ ਭਾਵੇਂ ਕੁਝ ਵੀ ਨਾ ਪਰ ਅਸੀਮ ਨੂੰ ਲੱਭਦਾ
ਅਸੀਮ ਹੋ ਜਾਂਦਾ ਹੈ ਅਤੇ ਕਦੇ ਨਾ ਕਦੇ
ਇਹਦੀ ਟੋਹ ਉਸ ਅਨੁਭਵ ਦੀ ਦਸਤਕ
ਦੇ ਜਾਂਦੀ ਹੈ ਜਿਥੋਂ ਸ਼ਾਂਤੀ ਦਾ ਭਿੰਨਾ-ਭਿੰਨਾ ਰਸ
ਉਪਜਦਾ ਹੈ ਅਤੇ ਦਿੰਦਾ ਹੈ ਪਿਆਸੇ ਨੂੰ
ਤ੍ਰਿਪਤ ਹੋ ਜਾਣ ਦੀਆਂ ਦਾਤਾਂ।
ਫਿਰ ਗੀਤ ਦੀ ਹੇਕ ਲਾਉਣ ਵਾਲੇ ਲਈ
ਇਹ ਸਾਰਾ ਬ੍ਰਹਿਮੰਡ ਹੀ ਇਕ ਗੀਤ ਬਣ ਜਾਂਦਾ ਹੈ।
ਉਹ ਗੀਤ, ਜਿਸ ਦੀਆਂ ਹੱਦਾਂ ਕੋਈ ਨਹੀਂ ਹੁੰਦੀਆਂ।
ਸਾਰੀ ਕਾਇਨਾਤ ਉਸ ਅਨਹਦ ਗੀਤ ਵਿਚ ਝੂੰਮਣ ਲੱਗਦੀ ਹੈ।
ਤੇ ਫਿਰ ਗੀਤ ਦੇ ਬੋਲ ਉਸ ਵੱਜਦੇ ਸੰਗਤ ਵਿਚ
ਲੈਅਬੱਧ ਹੋ ਜਾਂਦੇ ਹਨ ਅਤੇ ਆਪਣੀ ਤੜਪ ਬੁਝਾ ਲੈਂਦੇ ਹਨ।
ਇਹ ਮੁਕਤੀ ਦਾ ਸਭ ਤੋਂ ਵੱਡਾ ਰਸਤਾ ਹੈ।
ਇਹ ਪਿਆਰ ਦਾ ਸਭ ਤੋਂ ਵੱਡਾ ਤੋਹਫ਼ਾ ਹੈ।

*****

## ਕਵਿਤਾ/ਪਿੰਡ ਦੀ ਹਵਾਏ

**ਸੁਰਿੰਦਰ ਮਕਸੂਦਪੁਰੀ**



ਮੇਰੇ ਪਿੰਡ ਦੀ ਹਵਾਏ
ਸੁਣ ਮੇਰੀਏ ਨੀ ਮਾਏ !
ਜੇ ਰੁਮਕਣ ਤੋਂ ਵਿਹਲ ਹੈ ਜ਼ਰਾ
ਤਾਂ ਕੋਈ ਐਸਾ ਗੀਤ ਸੁਣਾ
ਕਣ-ਕਣ ਦੇ ਵਿਚ ਮਿਸ਼ਰੀ ਘੁਲਜੇ
ਮਹਿਕੇ ਹੋ ਸਰਸ਼ਾਰ ਫਿਜ਼ਾ।

ਲੀਹੋਂ ਲੱਥੀ ਗਾਇਕੀ ਹੋਜੇ
ਮਾਖਿਓਂ ਮਿੱਠੀ, ਰੂਹੇ-ਰਵਾਂ
ਭੁੱਲੇ-ਭਟਕੇ ਸੁਰ-ਸਾਜ਼ ਸੁਰੀਲੇ
ਪਰਤਣ ਆਪਣੇ ਸ਼ਹਿਰ-ਗਰਾਂ।

ਗੀਤ ਹੋਵੇ ਸੁਰ-ਸੰਗੀਤ ਹੋਵੇ
ਮਾਂ ਦੀ ਮਿੱਠੜੀ ਲੋਰੀ ਜਿਹਾ
ਕੱਚੇ ਦੁੱਧ ਦੀ ਕਟੋਰੀ ਜਿਹਾ
ਬਾਪੂ ਦੀ ਸਿਆਣੀ ਘੂਰੀ ਜਿਹਾ
ਪਿਆਰ ਦੀ ਕੁੱਟੀ ਚੂਰੀ ਜਿਹਾ
ਰਿਸ਼ਤਿਆਂ ਨੂੰ ਜੋੜਦੀ ਤੰਦ ਜਿਹਾ
ਉੱਚੇ-ਸੁੱਚੇ ਜੀਵਨ-ਢੰਗ ਜਿਹਾ।

ਮੁਟਿਆਰ ਦੇ ਸੂਹੇ ਚੂੜੇ ਜਾਂ ਵੰਗ ਜਿਹਾ
ਸੋਹਣੀ ਸੂਰਤ-ਸੀਰਤ ਤੇ ਸੰਗ ਜਿਹਾ
ਪ੍ਰਦੂਸ਼ਣ ਰਹਿਤ ਸੁਰ-ਤਾਲ ਜਿਹਾ
ਗਿੱਧੇ-ਭੰਗੜੇ ਦੀ ਧਮਾਲ ਜਿਹਾ
ਸੱਜਣਾ ਸਿਰ ਸੋਂਹਦੀ ਦਸਤਾਰ ਜਿਹਾ
'ਮਕਸੂਦਪੁਰੀ' ਪੰਜਾਬ ਦੇ ਸਭਿਆਚਾਰ ਜਿਹਾ
"ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ" ਜਿਹਾ।

**-234, ਸੁਦਰਸ਼ਨ ਪਾਰਕ,**
**ਮਕਸੂਦਾਂ, ਜਲੰਧਰ-144021**
**ਮੋ. 99887-10234**

*****

## ਕਵਿਤਾ/ਰੁੱਖ ਨਾ ਕੱਟਿਓ

**ਰਤਨ ਟਾਹਲਵੀ**



ਰੁੱਖ ਨਾ ਕੱਟਿਉ ਰੁੱਖ ਤਾਂ ਵਾਂਗ ਭਰਾਵਾਂ ਦੇ।
ਰੁੱਖਾਂ ਦੀ ਛਾਂ ਯਾਦ ਦਿਵਾਉਂਦੀ,
ਦੁਖ ਭੋਗਦੀਆਂ ਮਾਵਾਂ ਦੇ।

ਵਿਹੜੇ ਦੇ ਵਿੱਚ ਰੁੱਖ ਨੂੰ ਲਾਵੋ ਸਿੰਝੋ ਪਾ ਕੇ ਪਾਣੀ।
ਸਮੇਂ ਨਾਲ ਇਹ ਰੁੱਖ ਤੁਹਾਡੇ ਬਣ ਜਾਵਣਗੇ ਹਾਣੀ।
ਗਰਮੀ ਦੇ ਵਿੱਚ ਏ.ਸੀ. ਵਰਗੇ ਸਦਕੇ ਘਣੀਆਂ ਛਾਵਾਂ ਦੇ।
ਰੁੱਖ ਨਾ ਕੱਟਿਓ ਰੁੱਖ ਤਾਂ ਵਾਂਗ ਭਰਾਵਾਂ ਦੇ।

ਰੁੱਖ ਨੇ ਮਾਵਾਂ ਦੀ ਖੁਸ਼ਬੋਈ, ਰੁੱਖ ਨੇ ਅੰਬ ਸੰਧੂਰੀ।

ਕਿਉਂ ਮਾਵਾਂ ਦੀ ਖੁਸ਼ਬੋਈ ਕੱਟਦੇ ਕਿਹੜੀ ਏ ਮਜਬੂਰੀ।
ਬੱਬਲ ਮਿੱਤਰ ਬੱਲ੍ਹੇ ਰਹਿੰਦਾ, ਰੁੱਖਾਂ ਭਰੇ ਗਰਾਵਾਂ ਦੇ।
ਰੁੱਖ ਨਾ ਕੱਟਿਉ ਰੁੱਖ ਤਾਂ ਵਾਂਗ ਭਰਾਵਾਂ ਦੇ।

ਰੁੱਖਾਂ ਦੇ ਨਾਲ ਭਰ ਦਿਓ ਲੋਕੋ ਇਹ ਸਾਰਾ ਪੰਜਾਬ।
ਗੁਰੂਆਂ ਦੀ ਧਰਤੀ ਦੇ ਉੱਤੇ ਡੁਲ੍ਹਦਾ ਫਿਰੇ ਸ਼ਬਾਬ।
ਰੁੱਖ ਵਿਛੋੜਣ, ਰੁੱਖ ਮਿਲਾਵਣ, ਰੁੱਖ ਗਵਾਹ ਕਰਾਰਾਂ ਦੇ।
ਰੁੱਖ ਨਾ ਕੱਟਿਉ ਰੁੱਖ ਤਾਂ ਵਾਂਗ ਭਰਾਵਾਂ ਦੇ।

ਰਤਨ ਵਰਿੰਦਰ ਰੁੱਖ ਧਰਤੀ 'ਤੇ ਦੇਵਣ ਜੀਵਨ ਦਾਨ।
ਟਾਹਲੀ ਵਾਲਿਆ ਰੱਬ ਸਮਝ ਕੇ ਕਰ ਦਿਲੋਂ ਸਨਮਾਨ।
ਦੇ ਦਿਓ ਹੋਕਾ 'ਰੁੱਖ ਨਾ ਵੱਢਿਓ' ਘਰ ਘਰ ਵਿਚ ਗਰਾਵਾਂ ਦੇ।
ਰੁੱਖ ਨਾ ਕੱਟਿਉ ਰੁੱਖ ਤਾਂ ਵਾਂਗ ਭਰਾਵਾਂ ਦੇ।

**(ਕੁਲਵਿੰਦਰ ਸਿੰਘ ਬੱਬਲ ਬੱਲ੍ਹਾ ਦੇ ਨਾਂ ਜੋ ਉਦਾਸ ਪਲਾਂ 'ਚ ਮੇਰੇ ਅੰਗ-ਸੰਗ ਰਹਿੰਦਾ ਏ)**

*****

## ਸ਼ਬਦਾਂ ਦੇ ਸੰਜੋਗ

- ਇਸ਼ਕ ਦੇ ਗੀਤ ਗਾਉਣ ਨਾਲ ਇਸ਼ਕ ਦੀ ਪਹਿਚਾਣ ਨਹੀਂ ਹੁੰਦੀ, ਜਦੋਂ ਇਸ਼ਕ ਦਾ ਪਹਿਰਾ ਲੱਗਦਾ ਹੈ ਬੁਲ੍ਹ ਬੰਦ ਤੇ ਜ਼ੁਬਾਨ ਖਾਮੋਸ਼ ਹੋ ਜਾਂਦੀ ਹੈ।
- ਜੇ ਜਿੱਤਣ ਲਈ ਦੌੜਦੇ ਹੋ ਤਾਂ ਦੂਜਿਆਂ ਦੀ ਰਫ਼ਤਾਰ ਦਾ ਧਿਆਨ ਰੱਖਣਾ ਜ਼ਰੂਰੀ ਹੋ ਜਾਂਦਾ ਹੈ।
- ਜੇ ਮੁੱਢ ਕਦੀਮੀ ਦਾ ਇਤਿਹਾਸ ਪੜ੍ਹਿਆ ਜਾਵੇ ਤਾਂ ਵਿਦਵਾਨਾਂ ਨੂੰ ਲੋਕ ਸਜ਼ਾ ਦਿੰਦੇ ਆਏ ਹਨ ਤੇ ਵਿਦਵਾਨ ਉਨ੍ਹਾਂ ਨੂੰ ਮੁਆਫ਼ ਕਰਦੇ ਆਏ ਹਨ।
- ਜਿਹੜਾ ਤੁਹਾਡੇ ਬਾਰੇ ਬਹੁਤਾ ਜਾਣਦਾ ਨਹੀਂ, ਉਹ ਤੁਹਾਡੇ ਬਾਰੇ ਕੋਈ ਵੀ ਰਾਇ ਬਣਾ ਸਕਦਾ ਹੈ।
- ਗੁਰੂ ਲੋਕਾਂ ਦੇ ਦਰਸ਼ਨ ਉਨ੍ਹਾਂ ਦੇ ਬਚਨਾਂ ਰਾਹੀਂ ਹੀ ਕੀਤੇ ਜਾ ਸਕਦੇ ਹਨ, ਸਰੀਰਕ ਤੌਰ 'ਤੇ ਨਹੀਂ।
- ਪਿਆਰ, ਸਮਰਪਿਤ ਹੋ ਕੇ ਨਿਭਾਇਆ ਜਾ ਸਕਦਾ ਹੈ ਕਿੰਤੂ-ਪ੍ਰੰਤੂ ਕਰਕੇ ਨਹੀਂ।
- ਮੰਦਰਾਂ, ਗੁਰਦਵਾਰਿਆਂ ਨੂੰ ਉਗਰਾਹੀ ਦੇਣ ਵੇਲੇ ਬੇਸ਼ੱਕ ਸੰਕੋਚ ਕਰ ਲਓ ਪਰ ਕਿਸੇ ਗਰੀਬ ਦੀ ਭੁੱਖ ਵੱਲ ਦੇਖ ਕੇ ਸੰਕੋਚ ਨਾ ਕਰੋ।
- ਪ੍ਰਮਾਤਮਾ ਨੂੰ ਪੱਥਰਾਂ ਵਿਚੋਂ ਲੱਭਣ ਦੀ ਅੰਨ੍ਹੀਂ ਕੋਸ਼ਿਸ਼ ਛੱਡ ਕੇ ਜਿਊਂਦੇ ਲੋਕਾਂ ਦੀ ਧੜਕਣ ਵਿਚੋਂ ਅਨੁਭਵ ਕਰਨਾ ਚਾਹੀਦਾ ਹੈ।
- ਚੰਗਾ ਸੰਤ ਆਪਣੇ ਸ਼ਿਸ਼ ਦੀ ਅਗਿਆਨਤਾ ਆਪਣੇ ਕੋਲ ਰੱਖ ਲੈਂਦਾ ਹੈ ਅਤੇ ਆਪਣਾ ਗਿਆਨ ਉਸ ਨੂੰ ਦੇ ਕੇ ਆਪਣੇ ਡੇਰੇ ਤੋਂ ਅਲਵਿਦਾ ਕਹਿ ਦਿੰਦਾ ਹੈ।
- ਸ਼ਰਧਾਂਜਲੀ ਸਮਾਰੋਹ ਵਿਚ ਮਰਨ ਵਾਲੇ ਦੀਆਂ ਸਿਫ਼ਤਾਂ ਕਰਨ ਤੋਂ ਭਾਵ ਇਹ ਹੁੰਦਾ ਹੈ ਕਿ ਇਹ ਗੁਣ ਉਸ ਵਿਚ ਹੋਣੇ ਚਾਹੀਦੇ ਸਨ।

**(ਸਫ਼ਾ 23 ਦੀ ਬਾਕੀ)**

**ਉੱਤਰ - (1) ੲ (2) ੳ (3) ਅ (4) ਸ (5) ੲ (6) ਅ (7) ੲ (8) ੳ (9) ੳ (10) ਸ**

## ਬੇਨਤੀ

1. ਲੁਬਾਣਾ ਭਾਈਚਾਰੇ ਦੀਆਂ ਅਜੀਮ ਸ਼ਖ਼ਸ਼ੀਅਤਾਂ ਜਿਨ੍ਹਾਂ ਵੱਲੋਂ ਆਪਣੀ ਜ਼ਿੰਦਗੀ ਵਿਚ ਸਮਾਜ ਦੇ ਕਿਸੇ ਵੀ ਖੇਤਰ ਮਸਲਨ ਰਾਜਨੀਤਕ, ਧਾਰਮਿਕ, ਸਮਾਜਿਕ, ਸਭਿਆਚਾਰਕ, ਪ੍ਰਸ਼ਾਸ਼ਨਕ, ਵਪਾਰ ਜਾਂ ਉਦਯੋਗ ਆਦਿ ਵਿਚ ਨਿਵੇਕਲੀਆਂ ਪ੍ਰਾਪਤੀਆਂ ਕੀਤੀਆਂ ਹੋਣ, ਉਹ ਜਾਂ ਉਨ੍ਹਾਂ ਦੇ ਜਾਣਕਾਰ ਆਪਣਾ ਜੀਵਨ ਵੇਰਵਾ ਸਮੇਤ ਫੋਟੋ ਅਤੇ ਸਮੇਂ-ਸਮੇਂ ਸਿਰ ਕੀਤੀਆਂ ਗਈਆਂ ਪ੍ਰਾਪਤੀਆਂ ਦਾ ਵਿਸਥਾਰ ਨਾਲ ਵੇਰਵਾ ਭੇਜਣ ਦੀ ਕ੍ਰਿਪਾਲਤਾ ਕਰਨ। 'ਲੁਬਾਣਾ ਸੇਵਕ' ਮੈਗਜ਼ੀਨ ਵਿਚ ਇਹ ਜੀਵਨ ਵੇਰਵੇ ਅਸੀਂ ਛਾਪ ਕੇ ਖੁਸ਼ੀ ਮਹਿਸੂਸ ਕਰਾਂਗੇ। ਆਪਣੇ ਵੇਰਵਾ ਫਾਊਂਡੇਸ਼ਨ ਦੇ ਮੁੱਖ ਦਫ਼ਤਰ ਜਾਂ ਸੰਪਾਦਕ ਦੇ ਪਤੇ 'ਤੇ ਸਿੱਧੇ ਭੇਜਣ ਦੀ ਕ੍ਰਿਪਾਲਤਾ ਕਰੋ।

2. ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਦੇ ਮੈਂਬਰ ਸਾਹਿਬਾਨ ਜਿਨ੍ਹਾਂ ਦੇ ਮੈਂਬਰਸ਼ਿਪ ਕਾਰਡ ਨਹੀਂ ਬਣੇ ਜਾਂ ਗੁਆਚ ਚੁੱਕੇ ਹਨ ਉਹ ਜਲਦੀ ਤੋਂ ਜਲਦੀ ਨਵੇਂ ਕਾਰਡ ਬਨਾਉਣ ਲਈ ਭਵਨ ਦੇ ਦਫ਼ਤਰ ਵਿਖੇ ਸੰਪਰਕ ਕਰਨ ਜੀ।

**ਸੰਪਾਦਕ - ਇੰਜ: ਭਗਵਾਨ ਸਿੰਘ ਲੁਬਾਣਾ**
**E-mail:bslubana187@gmail.com**
**M.: 98155-40240**

# वातावरण में बढ़ता शोर

अमनदीप सिंह



इंसान की बनाई मशीनें, मोटर-वाहन, रेलगाड़ियां, हवाई जहाज और निर्माण कार्य में विस्फोटकों के इस्तेमाल से असहनीय ध्वनियां वातावरण में फैलती है और इनको रोकने का प्रयास भी निरर्थक-सा जान पड़ता है। कहीं त्योहार के बहाने, घर में किसी खुशी को साझा करने, कोई भी जश्न मनाने की आड़ में हम कान फोड़ू संगीत और पटाखों के चलाने में ज़रा भी नहीं हिचकिचाते। दीवाली पर तो इतनी आतिशबाजियां छोड़ी जाती है, जो कि वायु के साथ-साथ ध्वनि प्रदूषण की सीमा भी पार कर जाती है। विशेषज्ञ मानते हैं, कि नब्बे डेसीमल से अधिक शोर हमारे सुनने की क्षमता को छीन सकता है। इससे हमारी नींद भी प्रभावित होती है और हम मानसिक रोग के शिकार भी हो सकते है। अस्पतालों एवं स्कूलों के सामने इस तरह के शोर की पूरी पांबदी होती है। फिर भी लोग नियमों का उल्लंघन करते है। कई हृदय के रोगियों को ऐसे में अपने प्राणों से हाथ धोना पड़ा है। तनाव भरी जिंदगी में अत्याधिक शोर में हानि पहुँचा रहा है, फिर भी हम इसे अनदेखा कर रहे हैं। सरकार का इस दिशा में कठोर कदम उठाने चाहिए। शोर करने वालों के खिलाफ कड़ी कार्यवाही होनी चाहिए। ध्वनि प्रदूषण रोकना बहुत आवश्यक है।

# जीवन में शिक्षा का महत्त्व

करनजोत सिंह

इस प्रतियोगी संसार में सभी के लिए शिक्षा का बहुत महत्त्व है। यह आत्मविश्वास को विकसित करती है। बेहतर शिक्षा सभी के लिए जीवन में आगे बढ़ने और सफलता प्राप्त करने के लिए बहुत आवश्यक है। हमारी अच्छी और बुरी शिक्षा यह निर्धारित करती है कि हम भविष्य में किस प्रकार के व्यक्ति बनेगें। यह हमारे ज्ञान के स्तर, तकनीकी कौशल और नौकरी में उच्च पद को प्राप्त करने के द्वारा हमें सामाजिक, मानसिक और बौद्धिक रूप से मजबूत बनाती है। हर बच्चा अपने जीवन में सपना देखता है, जिसे शिक्षा के माध्यम से प्राप्त किया जा सकता है। शिक्षा एक ऐसा यंत्र है, जो हम सभी को जीवन भर लाभान्वित करता है। जीवन में कुछ अलग करने और सफलता प्राप्त करने के लिए इसका बहुत महत्त्व होता है। यह जीवन में बहुत मदद करती है और जीवन में बहुत सी चुनौतियों का सामना करने के पाठ पढ़ाती है। यह मनुष्य को आत्मर्निभर बनाती है। यह जीवन में विभिन्न और बेहतर संभावनाओं के प्राप्त करने के लिए विभिन्न दरवाजे खोलती है। जिससे कैरियर के विकास में बढ़ावा मिलता है। यह देश के विकास में ओर बढ़ावा करती है। शिक्षा स्त्री और पुरूष दोनों के लिए समान रूप से आवश्यक है, क्योंकि दोनों मिलकर ही स्वास्थ्य और शिक्षित समाज का निर्माण करते है। आधुनिक तकनीकी संसार में शिक्षा मुख्य भूमिका को निभाती है। शिक्षा लोगों के मस्तिष्क को बड़े स्तर पर विकसित करती है। समाज में लोगों के बीच सभी भेदभावों को हटाने में मदद करती है। यह हमें जीवन के हर पहलू को समझाने के लिए सूझ-बूझ को विकसित करती है। यह सभी मानव अधिकारों, सामाजिक अधिकारों, देश के प्रति कर्त्तव्यों और दायित्वों को समझने में मदद करती है। यह मनुष्य के जीवन के हर पहलू का विकास होता है। यह असमानता को हटाने में पूरी तरह सक्षम है। शिक्षा एक ऐसा उपकरण है, जो जीवन समान ओर राष्ट्र में सभी असंभव स्थितियों को संभव बनाती है।

अंत में मैं आपको यही कहना चाहता हूँ कि अगर शिक्षा का इतना महत्त्व है तो आप मन लगाकर पढ़ाई करें और माता-पिता का नाम रोशन करें।

# WORLD KINDNESS DAY

**Engg. Parminderjit Singh**

The main aim behind the world kindness day celebration is to highlight and encourage people to use kindness over hatred. It doesn't take a lot to be kind and we can celebrate the world kindness day with just little act of kindness. One can help his/her mother at home with her daily chores. You can help your younger siblings with their school and college projects. You can be kind towards the environment by planting and looking after the plants/trees and take a pledge to stop smoking/drinking. You can surprise your loved ones with a small token of gifts and appreciation.

World kindness day is celebrated on 13 Nov. It is celebrated with aim of spreading kindness through small gestwres and creating a positive environment. The starting of the world kindness day in the era of 1990, the small kindness movement held a conference in the mid 1990s to invite participants from all over the world to come and share their stories related to the kindness movements that they have started in their own countries.


There are around twentyeight countries that are officially involved with the world's kindness movement. Presently, this observance of world kindness day is unofficial and the world kindness movement hopes to get an official recognition at the united nation. In 1997, at the tokyo conference, Japan brought kindness organisation of various nation together and emphasised the necessity of a global kindness movement, in 2000 November. The world kindness movement was also launched in Singapore. By means of kindness, one can make himself or herself very satisfied and peace.

As Guru Nanak Dev ji taught us it's not enought to intellectualize our ideas, we must actually live by the values we identify. When we practice feeling a sense of oneness with the world around us, we can cultivate a feeling of connection. This feeling of connection is best described as love. When we say oneness about which Guru Nanak ji writes in the Guru Granth Sahib ji, Where the very first teacting appears in the term Ikonkaar. This term refers to the oneness of divinity, a singular connective force that permeates every aspect of this world.

When we go deeply into the kindness and love to others, then we have to take example of Guru Nanak Dev ji. His father gave him some money when he was kid, to go to town and find a good deal. He walked by a group of impoverished devotees and served them Langar with the same money.



# MATRIMONIAL



SUITABLE MATCH FOR LUBANA SIKH BOY 26 YEAR/5'11" GOVT SERVICE JUNIOR ENGINEER IRRIGATION DEPT. GOVT. OF PUNJAB, FATHER SDO PSPCL SISTER PURSUING MBBS MOTHER HOME MAKER. MOB. 9646117278, 8725937683

* * * * *

WANTED BEAUTIFUL, SLIM SOBER AND WELL-EDUCATED BRIDE FOR LOBANA (SIKH) TURBANED BOY, DATE OF BIRTH DECEMBER 26, 1992. HEIGHT 5’7”, B.COM. (ACCOUNTANCY) IN INDIA AND RETAIL MANAGEMENT AND BUSINESS IN NZ, WORKING AS DRIVER IN REPUTED FIRM AT QUEENS TOWN NZ-9, FATHER RETIRED AS SUBEDAR, MOTHER HOUSEMAKER AND YOUNGER BROTHER IN CANADA, PRESENTLY ON WORK PERMIT. FAMILY HAS HOUSE AND PROPERTY IN AMBALA CANTT. CONTACT: 7015122115, 9050403538

* * * * *

WANTED BEAUTIFUL, SLIM SOBER AND WELL-EDUCATED BRIDE FOR LOBANA (SIKH) BOY NAME HARKANWAL SINGH S/O MAJOR SINGH SDO (PSPCL) DATE OF BIRTH 28.08.1996 HEIGHT 178CM QUALIFICATION- B.TECH (MECHANICAL) JOB DETAILS JUNIOR ENGINEER (WATER RESOURCES, GOVT. OF PUNJAB) IRRIGATION 1 SISTER PURSUING MBBS BASIC PAY 35400 ON PROBATION PERIOD PROPERTY DETAILS- 10 MARLA HOUSE AT RUPNAGAR CONTACT DETAILS- 9646117278, 7986907056.

* * * * *

WANTED BEAUTIFUL SLIM SOBER AND WELL EDUCATED BRIDE FOR LOBANA SIKH BOY NAME TAJINDERPAL SINGH DATE OF BIRTH 06.04.1996 HEIGHT- +QUALIFICATION BACHELOR IN ELECTRICAL ENGINEERING FROM INSTITUTE TECHNICO DI INGEGNEIRA FROM PARMA (ITLAY)CONTACT-98140-15337

* * * * *

WANTED BEAUTIFUL SLIM SOBER AND WELL EDUCATED BRIDE FOR LOBANA SIKH BOY NAME GAURAVPAL SINGH DATE OF BIRTH - 26.11.1993 AGE-28 YEARS HEIGHT - 6FT COMPLEXTION FAIR PERMANENT RESIDENT OF CANADA RESIDING IN BRAMPTON OWING THE PROPERTY QUALIFICATION - MTECH IN CIVIL ENGINEERING FROM PTU HOMETOWN-MOHALI (PUNJAB) SIBLING YOUNGER BROTHER RESIDING IN CANADA FATHER’S OCCUPATION HOME-MAKER QUALIFICATION M.A.

* * * * *

## ਬੇਨਤੀ

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ ਵੱਲੋਂ ਸਨਿਮਰ ਬੇਨਤੀ ਹੈ ਕਿ ਬਰਾਦਰੀ ਵਿਚ ਬੱਚਿਆਂ ਦੇ ਵਿਆਹ-ਸ਼ਾਦੀਆਂ ਲਈ ਰਿਸ਼ਤੇ ਜੋੜਨ ਲਈ ਲੁਬਾਣਾ ਸੇਵਕ ਮੈਗਜ਼ੀਨ ਵਿਚ ਮੁਫ਼ਤ ਇਸ਼ਤਿਹਾਰ ਲਗਾਉਣ ਦਾ ਫੈਸਲਾ ਲਿਆ ਗਿਆ ਹੈ। ਬਰਾਦਰੀ ਦੇ ਸਮੂਹ ਸੱਜਣਾਂ ਨੂੰ ਬੇਨਤੀ ਹੈ ਕਿ ਉਹ ਆਪਣੇ ਵਿਆਹੁਣਯੋਗ ਬੱਚਿਆਂ ਅਤੇ ਪਰਿਵਾਰ ਦੇ ਵੇਰਵੇ ਫਾਊਂਡੇਸ਼ਨ ਦੇ ਦਫ਼ਤਰ ਭੇਜਣ ਦੀ ਕ੍ਰਿਪਾਲਤਾ ਕਰਨ।

ਅਦਾਰਾ ਲੁਬਾਣਾ ਸੇਵਕ

# ਕੱਤਕ ਮਹੀਨੇ ਦੀ ਸੰਗਰਾਂਦ ਅਤੇ ਹੋਰ ਕਾਰਜਾਂ ਲਈ ਦਾਨੀ ਸੱਜਨਾਂ ਦੀ ਸੂਚੀ

| ਲੜੀ ਨੰ: | ਨਾਮ ਤੇ ਪਤਾ | ਰਾਸ਼ੀ ਰੁਪਏ | ਰਸੀਦ ਨੰ: | ਮਿਤੀ |
|---|---|---|---|---|
| 1. | ਲੈਕਚਰਾਰ ਗੁਲਸ਼ਨ ਕੁਮਾਰ ਸਿੰਘ, ਵਿੱਤ ਸਕੱਤਰ<br>ਮਕਾਨ ਨੰਬਰ-3405, ਸੈਕਟਰ-40, ਚੰਡੀਗੜ੍ਹ। | 200 | ਐਨ-301 | 17.10.2022 |
| 2. | ਇੰਜ: ਹਰਦੇਵ ਸਿੰਘ, ਸੀਨੀਅਰ ਮੈਂਟੀਨੈਸ ਇੰਜ:<br>ਮਕਾਨ ਨੰਬਰ-1747, ਫੇਸ-7, ਮੋਹਾਲੀ | 100 | ਐਨ-302 | 17.10.2022 |
| 3. | ਸਰਦਾਰ ਐਨ.ਪੀ. ਸਿੰਘ, ਕਾਰਜਕਾਰੀ ਮੈਂਬਰ<br>ਮ:ਕ: ਨੰ: 2249, ਸੈਕਟਰ-48-ਸੀ, ਚੰਡੀਗੜ੍ਹ। | 100 | ਐਨ-303 | 17.10.2022 |
| 4. | ਇੰਜ: ਹਰਭਜਨ ਸਿੰਘ ਡਿਪਟੀ ਚੀਫ ਇਜ: (ਰਿਟਾ.)<br>ਮਕਾਨ ਨੰ: 576, ਮੋਤਾ ਸਿੰਘ ਨਗਰ, ਜਲੰਧਰ। | 1100 | ਐਨ-304 | 17.10.2022 |
| 5. | ਸ: ਗੁਰਚਰਨ ਸਿੰਘ, ਸੀਨੀਅਰ ਵਾਇਸ ਪ੍ਰਧਾਨ (ਹ.ਡ.)<br>ਮਕਾਨ ਨੰਬਰ-117, ਸੈਕਟਰ-35, ਚੰਡੀਗੜ੍ਹ। | 500 | ਐਨ-305 | 17.10.2022 |
| 6. | ਸ: ਰਵਿੰਦਰ ਸਿੰਘ<br>ਮਕਾਨ ਨੰ: 2092, ਸੈਕਟਰ-45-ਸੀ, ਚੰਡੀਗੜ੍ਹ। | 200 | ਐਨ-306 | 17.10.2022 |
| 7. | ਸ: ਬਲਵਿੰਦਰ ਸਿੰਘ ਮੁਲਤਾਨੀ,<br>ਮਕਾਨ ਨੰਬਰ-541, ਫੇਸ-3-ਬੀ-1, ਮੋਹਾਲੀ। | 200 | ਐਨ-307 | 17.10.2022 |
| 8. | ਸ: ਹਰਦਿਆਲ ਸਿੰਘ ਘੋਤੜਾ<br>ਮਕਾਨ ਨੰਬਰ-11, ਸੈਕਟਰ-48, ਚੰਡੀਗੜ੍ਹ | 200 | ਐਨ-308 | 17.10.2022 |
| 9. | ਪੰਡਿਤ ਰਾਮ ਕੁਮਾਰ, ਕਨਟੀਨ<br>ਬਾਬਾ ਮੱਖਣ ਸ਼ਾਹ ਲੁਬਾਣਾ ਭਵਨ, ਚੰਡੀਗੜ੍ਹ। | 500 | ਐਨ-309 | 17.10.2022 |
| 10. | ਸਰਦਾਰਨੀ ਕੁਲਵੰਤ ਕੌਰ,<br>ਮਕਾਨ ਨੰਬਰ-1747, ਫੇਸ-7, ਮੋਹਾਲੀ। | 100 | ਐਨ-310 | 17.10.2022 |
| 11. | ਸਰਦਾਰਨੀ ਨਰਿੰਦਰ ਕੌਰ<br>ਸੈਕਟਰ- 37-ਸੀ, ਚੰਡੀਗੜ੍ਹ। | 200 | ਐਨ-311 | 17.10.2022 |
| 12. | ਸ: ਅਮਰਜੀਤ ਸਿੰਘ<br>ਮਕਾਨ ਨੰਬਰ- 102, ਫੇਜ-3, ਐਸ.ਏ.ਐਸ. ਨਗਰ, ਮੋਹਾਲੀ। | 500 | ਐਨ-312 | 17.10.2022 |
| 13. | ਸ: ਸੁਰਿੰਦਰ ਸਿੰਘ<br>ਮਕਾਨ ਨੰਬਰ-2541, ਫੇਸ-10, ਮੋਹਾਲੀ। | 500 | ਐਨ-313 | 17.10.2022 |
| 14. | ਸੂਬੇਦਾਰ ਮੇਜਰ ਜਸਪਾਲ ਸਿੰਘ<br>ਏ.ਕੇ.ਐਸ. ਕਲੋਨੀ, ਜ਼ੀਰਕਪੁਰ। | 200 | ਐਨ-314 | 17.10.2022 |
| 15. | ਸੂਬੇਦਾਰ ਚਰਨ ਸਿੰਘ<br>ਮਕਾਨ ਨੰਬਰ-3, ਸ਼ਾਂਤੀ ਵਿਹਾਰ, ਮਕਸੂਦਾਂ, ਜਲੰਧਰ। | 500 | ਆਈ-1700 | 30.04.2022 |

## ਗੁਰੂ ਲਾਧੋ ਰੇ ਦਿਵਸ ਮਿਤੀ-07.10.2022 ਦੇ ਮੌਕੇ ਤੇ ਦਾਨ ਦੇਣ ਵਾਲਿਆਂ ਦੀ ਸੂਚੀ

| ਲੜੀ ਨੰ. | ਨਾਮ ਤੇ ਪਤਾ | ਰਾਸ਼ੀ | ਰਸੀਦ ਨੰ. | ਮਿਤੀ |
|---|---|---|---|---|
| 1. | ਸ਼੍ਰੀਮਤੀ ਹਰਪ੍ਰੀਤ ਕੌਰ ਪੇਲੀਆ, ਸਕੱਤਰ<br>2218, ਸੈਕਟਰ-38-ਸੀ, ਚੰਡੀਗੜ੍ਹ | 1100 | ਐਨ-237 | 07.10.2022 |

| | | | | |
|---|---|---|---|---|
| 2. | ਸ਼੍ਰੀਮਤੀ ਜੋਗਿੰਦਰ ਕੌਰ, ਲੁਧਿਆਣਾ | 2100 | ਐਨ-238 | 07.10.2022 |
| 3. | ਇੰਜ: ਹਰਨਾਮ ਸਿੰਘ<br>ਮਕਾਨ ਨੰਬਰ-7698, ਫੇਜ-10, ਮੋਹਾਲੀ। | 1100 | ਐਨ-239 | 07.10.2022 |
| 4. | ਸ੍ਰ: ਭਗਵਾਨ ਸਿੰਘ ਲੁਬਾਣਾ,<br>ਐਡੀਟਰ ਲੁਬਾਣਾ ਸੇਵਕ, ਜਲੰਧਰ। | 1100 | ਐਨ-240 | 07.10.2022 |
| 5. | ਡਾਕਟਰ ਕਰਨੈਲ ਸਿੰਘ | 1100 | ਐਨ-241 | 07.10.2022 |
| 6. | ਸ੍ਰ: ਗੁਰਚਰਨ ਸਿੰਘ, ਸੀਨੀਅਰ ਵਾਇਸ ਪ੍ਰਧਾਨ<br>ਮਕਾਨ ਨੰਬਰ-117, ਸੈਕਟਰ-35-ਏ, ਚੰਡੀਗੜ੍ਹ। | 2100 | ਐਨ-242 | 07.10.2022 |
| 7. | ਮੇਜਰ ਐਨ.ਐਸ. ਮੁਲਤਾਨੀ (ਰਿਟਾ.)<br>ਵਾਇਸ ਪ੍ਰਧਾਨ ਅਤੇ ਜਨਰਲ ਸਕੱਤਰ, ਫੇਜ-10, ਮੋਹਾਲੀ। | 1100 | ਐਨ-243 | 07.10.2022 |
| 8. | ਸ੍ਰ: ਐਨ.ਪੀ. ਸਿੰਘ, ਕਾਰਜਕਾਰੀ ਮੈਂਬਰ<br>ਮ: ਕ: ਨੰ:-2249, ਸੈਕਟਰ-48-ਸੀ, ਚੰਡੀਗੜ੍ਹ। | 500 | ਐਨ-244 | 07.10.2022 |
| 9. | ਸ਼੍ਰੀਮਤੀ ਜਤਿੰਦਰ ਕੌਰ<br>ਫੇਜ-10, ਮੋਹਾਲੀ। | 500 | ਐਨ-245 | 07.10.2022 |
| 10. | ਲੈਕਚਰਾਰ ਗੁਲਸ਼ਨ ਕੁਮਾਰ ਸਿੰਘ, ਵਿੱਤ ਸਕੱਤਰ<br>ਮਕਾਨ ਨੰਬਰ-3405, ਸੈਕਟਰ-40-ਡੀ ਚੰਡੀਗੜ੍ਹ। | 500 | ਐਨ-246 | 07.10.2022 |
| 11. | ਸ੍ਰ: ਰਜਿੰਦਰਪਾਲ ਸਿੰਘ, ਕਾਰਜਕਾਰੀ ਮੈਂਬਰ<br>ਮਕਾਨ ਨੰਬਰ-2020, ਸੈਕਟਰ-37-ਸੀ, ਚੰਡੀਗੜ੍ਹ। | 500 | ਐਨ-247 | 07.10.2022 |
| 12. | ਪੰਡਿਤ ਰਾਮ ਕੁਮਾਰ, ਕੈਂਟੀਨ<br>ਬਾਬਾ ਮੱਖਣ ਸ਼ਾਹ ਲੁਬਾਣਾ ਭਵਨ, ਚੰਡੀਗੜ੍ਹ। | 1100 | ਐਨ-248 | 07.10.2022 |
| 13. | ਸ੍ਰ: ਧਰਮਵੀਰ ਸਿੰਘ<br>ਪਿੰਡ ਬਲੌਂਗੀ, ਜ਼ਿਲ੍ਹਾ-ਮੋਹਾਲੀ। | 200 | ਐਨ-249 | 07.10.2022 |
| 14. | ਕਰਨਲ ਗੁਰਦੀਪ ਸਿੰਘ, ਕਾਰਜਕਾਰੀ ਮੈਂਬਰ<br>ਮਕਾਨ ਨੰਬਰ-62, ਸੈਕਟਰ-71, ਮੋਹਾਲੀ। | 1100 | ਐਨ-250 | 07.10.2022 |
| 15. | ਸ਼੍ਰੀਮਤੀ ਦਵਿੰਦਰ ਕੌਰ<br>ਮਕਾਨ ਨੰਬਰ- 2082, ਸੈਕਟਰ-69, ਮੋਹਾਲੀ। | 1100 | ਐਨ-251 | 07.10.2022 |
| 16. | ਮਾਸਟਰ ਜਗਤਾਰ ਸਿੰਘ<br>ਪਿੰਡ-ਅਜਰੌਰ, ਜ਼ਿਲ੍ਹਾ-ਪਟਿਆਲਾ। | 2100 | ਐਨ-252 | 07.10.2022 |
| 17. | ਸ਼੍ਰੀਮਤੀ ਬਲਵੰਤ ਕੌਰ<br>ਮਕਾਨ ਨੰਬਰ- 762, ਸੈਕਟਰ-22-ਏ. ਚੰਡੀਗੜ੍ਹ। | 500 | ਐਨ-253 | 07.10.2022 |
| 18. | ਸਰਦਾਰਨੀ ਨਰਿੰਦਰ ਕੌਰ<br>ਮਕਾਨ ਨੰਬਰ-762, ਸੈਕਟਰ-22-ਏ. ਚੰਡੀਗੜ੍ਹ। | 1100 | ਐਨ-254 | 07.10.2022 |
| 19. | ਸ੍ਰ: ਬਖਤਾਵਰ ਸਿੰਘ<br>3062, ਸੈਕਟਰ-47-ਡੀ, ਚੰਡੀਗੜ੍ਹ। | 500 | ਐਨ-255 | 07.10.2022 |
| 20. | ਸ੍ਰ: ਹਰਭਜਨ ਸਿੰਘ<br>ਮਕਾਨ ਨੰਬਰ-28, ਸੈਕਟਰ-28-ਸੀ, ਚੰਡੀਗੜ੍ਹ। | 100 | ਐਨ-256 | 07.10.2022 |
| 21. | ਇੰਜ: ਸੁਰਿੰਦਰ ਸਿੰਘ<br>ਮਕਾਨ ਨੰਬਰ-527, ਫੇਜ-10, ਮੋਹਾਲੀ। | 500 | ਐਨ-257 | 07.10.2022 |
| 22. | ਗੁਪਤ ਦਾਨ | 500 | ਐਨ-258 | 07.10.2022 |

| | | | | |
|---|---|---|---|---|
| 23. | ਸ੍ਰ: ਭਗਤ ਸਿੰਘ, ਆਈ.ਏ.ਐਸ. (ਰਿਟਾ.)<br>ਸਾਬਕਾ ਪ੍ਰਧਾਨ, ਮਕਾਨ ਨੰਬਰ-795, ਫੇਜ-7, ਮੋਹਾਲੀ। | 5100 | ਐਨ-259 | 07.10.2022 |
| 24. | ਸ੍ਰ: ਅਮਰੀਕ ਸਿੰਘ, ਕਾਰਜਕਾਰੀ ਮੈਂਬਰ<br>ਨਾਰਾਇਣਗੜ੍ਹ। | 200 | ਐਨ-260 | 07.10.2022 |
| 25. | ਸ੍ਰ: ਗੁਰਬਚਨ ਸਿੰਘ, ਚੰਡੀਗੜ੍ਹ। | 100 | ਐਨ-261 | 07.10.2022 |
| 26. | ਸ੍ਰ: ਟਹਿਲ ਸਿੰਘ<br>ਸੀਨੀਅਰ ਵਾਇਸ ਪ੍ਰਧਾਨ, ਪੰਜਾਬ, ਜਲੰਧਰ। | 500 | ਐਨ-262 | 07.10.2022 |
| 27. | ਸ੍ਰ: ਜਸਵੰਤ ਸਿੰਘ<br>ਫੇਜ-10, ਮੋਹਾਲੀ। | 500 | ਐਨ-263 | 07.10.2022 |
| 28. | ਸ੍ਰ: ਗੱਜਨ ਸਿੰਘ<br>ਚੰਡੀਗੜ੍ਹ। | 100 | ਐਨ-264 | 07.10.2022 |
| 29. | ਸ੍ਰ: ਸੁਰਿੰਦਰ ਸਿੰਘ ਰੂਬੀ<br>ਕੋ- ਐਡੀਟਰ, ਲੁਬਾਣਾ ਸੇਵਕ, ਜਲੰਧਰ। | 1000 | ਐਨ-265 | 07.10.2022 |
| 30. | ਸ੍ਰ: ਸੁਰਿੰਦਰਪਾਲ ਸਿੰਘ<br>ਮਕਾਨ ਨੰਬਰ- 1134, ਸੈਕਟਰ-37-ਬੀ, ਚੰਡੀਗੜ੍ਹ। | 500 | ਐਨ-266 | 07.10.2022 |
| 31. | ਸ੍ਰ: ਦਰਸ਼ਨ ਸਿੰਘ<br>ਮਕਾਨ ਨੰਬਰ-1204, ਸੈਕਟਰ-22-ਬੀ. ਚੰਡੀਗੜ੍ਹ। | 200 | ਐਨ-267 | 07.10.2022 |
| 32. | ਸ੍ਰ: ਰਾਜਪਾਲ ਸਿੰਘ<br>ਮਨੀਮਾਜਰਾ, ਚੰਡੀਗੜ੍ਹ। | 500 | ਐਨ-268 | 07.10.2022 |
| 33. | ਸ੍ਰ: ਬਲਵਿੰਦਰ ਸਿੰਘ ਮੁਲਤਾਨੀ<br>ਮਕਾਨ ਨੰਬਰ-541, ਫੇਜ-3-ਏ, ਮੋਹਾਲੀ। | 200 | ਐਨ-269 | 07.10.2022 |
| 34. | ਸ੍ਰ: ਅਮਰਜੀਤ ਸਿੰਘ | 500 | ਐਨ-270 | 07.10.2022 |
| 35. | ਸ੍ਰ: ਅਮਰੀਕ ਸਿੰਘ ਟਾਹਲੀ<br>ਜਲੰਧਰ। | 500 | ਐਨ-271 | 07.10.2022 |
| 36. | ਸ੍ਰ: ਜਰਨੈਲ ਸਿੰਘ | 500 | ਐਨ-272 | 07.10.2022 |
| 37. | ਡਾ: ਗੁਰਬਚਨ ਸਿੰਘ | 500 | ਐਨ-273 | 07.10.2022 |
| 38. | ਸ੍ਰ: ਮਨੀ ਸਿੰਘ | 500 | ਐਨ-274 | 07.10.2022 |
| 39. | ਸ੍ਰ: ਸੁਖਵਿੰਦਰਪਾਲ ਸਿੰਘ<br>ਮਕਾਨ ਨੰਬਰ-2102, ਫੇਜ-10, ਮੋਹਾਲੀ। | 5000 | ਐਨ-275 | 07.10.2022 |
| 40. | ਸ੍ਰ: ਅਮਰਜੀਤ ਸਿੰਘ ਮੁਲਤਾਨੀ<br>ਮਕਾਨ ਨੰਬਰ- 42, ਸੈਕਟਰ-16-ਏ, ਚੰਡੀਗੜ੍ਹ। | 1100 | ਐਨ-276 | 07.10.2022 |
| 41. | ਸ੍ਰ: ਹਰਭਜਨ ਸਿੰਘ, ਡੀ.ਆਈ.ਜੀ. (ਰਿਟਾ.)<br>ਫਾਲਕਨ ਵਿਊ, ਸੈਕਟਰ-66, ਮੋਹਾਲੀ। | 1100 | ਐਨ-277 | 07.10.2022 |
| 42. | ਕਰਨਲ ਕੰਵਲਦੀਪ ਸਿੰਘ<br>ਮਕਾਨ ਨੰਬਰ-307, ਨਿਊ ਜਨਰੇਸ਼ਨ ਅਪਾਰਟਮੈਂਟ, ਢਕੋਲੀ, ਜ਼ੀਰਕਪੁਰ | 500 | ਐਨ-278 | 07.10.2022 |
| 43. | ਇੰਜ: ਕੁਲਬੀਰ ਸਿੰਘ ਸੁਜਲਾਨਾ<br>ਸਾਬਕਾ ਜਨਰਲ ਸਕੱਤਰ ਮਕਾਨ ਨੰਬਰ-139, ਸੈਕਟਰ-70, ਮੋਹਾਲੀ | 500 | ਐਨ-279 | 07.10.2022 |
| 44. | ਬ੍ਰਿਗੇਡੀਅਰ ਮਨਜੀਤ ਸਿੰਘ<br>ਜਲੰਧਰ। | 1100 | ਐਨ-280 | 07.10.2022 |
| 45. | ਸ੍ਰ: ਹਰੀ ਸਿੰਘ | 500 | ਐਨ-281 | 07.10.2022 |

| | | | | |
|---|---|---|---|---|
| 46. | ਸ਼੍ਰੀ ਰਜੇਸ਼ ਕੁਮਾਰ, ਕਾਰਜਕਾਰੀ ਮੈਂਬਰ<br>ਸੂਰਾਜ ਮਾਜਰਾ (ਲੁਬਾਣਾ), ਬੱਦੀ, ਹਿਮਾਚਲ ਪ੍ਰਦੇਸ਼ | 1100 | ਐਨ-282 | 07.10.2022 |
| 47. | ਗੁਪਤ ਦਾਨ | 1100 | ਐਨ-283 | 07.10.2022 |
| 48. | ਸ੍ਰ: ਗੁਰਿੰਦਰ ਪਾਲ ਸਿੰਘ<br>ਸਬ-ਇਨਸਪੈਕਟਰ | 500 | ਐਨ-284 | 07.10.2022 |
| 49. | ਸ੍ਰ: ਹਰਪ੍ਰੀਤ ਸਿੰਘ<br>ਲੁਧਿਆਣਾ। | 500 | ਐਨ-285 | 07.10.2022 |
| 50. | ਸ੍ਰ: ਗੁਰਪਾਲ ਸਿੰਘ (ਨਰਾਇਣਗੜ੍ਹ), ਸਾਬਕਾ ਚੇਅਰਮੈਨ<br>ਮਕਾਨ ਨੰਬਰ-649, ਸੈਕਟਰ-27, ਪੰਚਕੂਲਾ। | 500 | ਐਨ-286 | 07.10.2022 |
| 51. | ਸਰਦਾਰਨੀ ਕੁਲਵੰਤ ਕੌਰ<br>ਮਕਾਨ ਨੰਬਰ-1747, ਫੇਜ-7, ਮੋਹਾਲੀ। | 500 | ਐਨ-287 | 07.10.2022 |
| 52. | ਸ੍ਰ: ਹਰਬੀਰ ਸਿੰਘ | 100 | ਐਨ-288 | 07.10.2022 |
| 53. | ਸ੍ਰ: ਜਰਨੈਲ ਸਿੰਘ ਪੇਲੀਆ<br>ਮਕਾਨ ਨੰ: 8, ਸੂਰਤ ਨਗਰ, ਮਕਸੂਦਾ, ਜਲੰਧਰ। | 2000 | ਐਨ-289 | 07.10.2022 |
| 54. | ਸ੍ਰ: ਸੁਰਿੰਦਰ ਸਿੰਘ<br>ਮਕਾਨ ਨੰ: 2541, ਫੇਸ-11, ਮੋਹਾਲੀ। | 5100 | ਐਨ-290 | 07.10.2022 |
| 55. | ਗੁਪਤ ਦਾਨ | 1100 | ਐਨ-291 | 07.10.2022 |
| 56. | ਗੁਪਤ ਦਾਨ | 100 | ਐਨ-292 | 07.10.2022 |
| 57. | ਗੁਪਤ ਦਾਨ | 101 | ਐਨ-293 | 07.10.2022 |
| 58. | ਗੁਰੂ ਲਾਧੋ ਰੇ ਭਵਨ<br>ਨਰਾਇਣਗੜ੍ਹ (ਹਰਿਆਣਾ) | 1100 | ਐਨ-294 | 07.10.2022 |
| 59. | ਸ੍ਰ: ਗੁਰਨਾਮ ਸਿੰਘ<br>ਡਿਪਟੀ ਡਾਇਰੈਕਟਰ, ਈ.ਡੀ., (ਰਿਟਾ.), ਮਕਾਨ ਨੰਬਰ-5590,<br>ਸੈਕਟਰ-38-ਵੈਸਟ, ਚੰਡੀਗੜ੍ਹ। | 2100 | ਐਨ-295 | 07.10.2022 |
| 60. | ਸ੍ਰ: ਗਿਆਨ ਸਿੰਘ ਮੁਲਤਾਨੀ<br>ਮਕਾਨ ਨੰ: 42, ਸੈਕਟਰ -16-ਏ, ਚੰਡੀਗੜ੍ਹ। | 10000 | ਆਈ-1766 | 05.10.2022 |

## ਅਪੀਲ

ਵੇਖਣ ਵਿਚ ਆਇਆ ਹੈ ਕਿ ਬਹੁਤ ਸਾਰਿਆਂ ਸੱਜਣਾਂ ਨੂੰ 'ਲੁਬਾਣਾ ਸੇਵਕ' ਮੈਗਜ਼ੀਨ ਸਮੇਂ ਸਿਰ ਪ੍ਰਾਪਤ ਨਹੀ ਹੁੰਦਾ। ਇਸ ਕਰਕੇ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪਣੇ ਪੂਰੇ ਪਤੇ ਸਮੇਤ ਆਪਣੇ ਇਲਾਕੇ ਦੇ ਡਾਕਖਾਨੇ ਦਾ ਪਿੰਨ ਕੋਡ, ਫੋਨ, ਈਮੇਲ ਜਾਂ ਡਾਕ ਰਾਹੀਂ ਦਫਤਰ ਵਿਚ ਸੂਚਿਤ ਕਰੋ ਜੀ। ਬਾਬਾ ਮੱਖਣ ਸ਼ਾਹ ਲੁਬਾਣਾ ਭਵਨ, ਸੈਕਟਰ-30-ਏ, ਚੰਡੀਗੜ੍ਹ 160030, ਫੋਨ ਨੰ.-0172-2657340, E-mail : lobanafoundation@gmail.com

ਪ੍ਰਧਾਨ - ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ

**ਲੁਬਾਣਾ ਸੇਵਕ ਦੇ ਪਾਠਕ ਅਤੇ ਸਮੂਹ ਫਾਊਂਡੇਸ਼ਨ ਮੈਂਬਰ bmslchd.org & lobanafoundation.org ਵੈੱਬਸਾਈਟ 'ਤੇ ਵੀ ਹਰ ਮਹੀਨੇ ਦਾ ਲੁਬਾਣਾ ਸੇਵਕ ਮੈਗਜ਼ੀਨ ਪੜ੍ਹ ਸਕਦੇ ਹਨ।**

ਗੁਰੂ ਲਾਧੋ ਰੇ ਦਿਵਸ ਮਿਤੀ 07-10-2022 ਦਿਨ ਸ਼ੁੱਕਰਵਾਰ ਨੂੰ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਦੇ ਭਵਨ ਚੰਡੀਗੜ੍ਹ ਵਿਖੇ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਅਰਦਾਸ ਅਤੇ ਸਮਾਪਤੀ ਉਪਰੰਤ ਫਾਊਂਡੇਸ਼ਨ ਪ੍ਰਤੀ ਸੇਵਾਵਾਂ ਅਤੇ ਮੁੱਖ ਮਹਿਮਾਨਾਂ ਨੂੰ ਸਨਮਾਨਿਤ ਕਰਨ ਦੀਆਂ ਝਲਕੀਆਂ।













Regd No. 32212/78
Postal No.-- G/CHD/0111/2018-2020

# ਗੁਰੂ ਲਾਧੋ ਰੇ ਦਿਵਸ

## ਮਿਤੀ 07.10.2022 ਦਿਨ ਸ਼ੁੱਕਰਵਾਰ ਨੂੰ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਦੇ ਭਵਨ ਚੰਡੀਗੜ੍ਹ ਵਿਖੇ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ



















ਭੋਗ ਸ੍ਰੀ ਅਖੰਡ ਪਾਠ ਸਾਹਿਬ ਉਪਰੰਤ ਕੀਰਤਨੀ ਜੱਥੇ ਗਿਆਨੀ ਸ਼ੌਕੀਨ ਸਿੰਘ ਜੀ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਸਾਹਿਬ, ਗੁਰਦੁਆਰਾ ਗੁਰੂ ਰਵਿਦਾਸ ਭਵਨ, ਭਾਈ ਹਰਪ੍ਰੀਤ ਸਿੰਘ ਜੀ ਚੰਡੀਗੜ੍ਹ, ਅਤੇ ਕਥਾਵਾਚਕ ਭਾਈ ਕੁਲਵਿੰਦਰ ਸਿੰਘ ਜੀ ਭੋਗਪੁਰ ਵਾਲਿਆਂ ਵੱਲੋਂ ਸੇਵਾ ਨਿਭਾਈ ਗਈ।